# ਆਤਮ ਰੰਗ

AKHAND KIRTANI JATHA (REGD.)

ਜਿਲਦ ੨੫ ਅਪ੍ਰੈਲ 2023 ਚੇਤਰ-ਵੈਸਾਖ 555 ਨਾਨਕਸ਼ਾਹੀ April 2023 ਅੰਕ 4

## ਠਾਕੁਰ ਗਾਈਐ ਆਤਮ ਰੰਗਿ



ਖਾਲਸਾ ਪੰਥ ਦੇ 300 ਸਾਲਾ ਸਿਰਜਨਾ ਦਿਵਸ ਦੇ ਮੌਕੇ ਤੇ 14 ਅਪ੍ਰੈਲ 1999 ਨੂੰ ਖਾਲਸੇ ਦੀ ਧਰਤੀ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਖੰਡ ਕੀਰਤਨੀ ਜੱਥਾ (ਰਜਿ.) ਵੱਲੋਂ 'ਆਤਮ ਰੰਗ' ਰਸਾਲਾ ਜਾਰੀ ਕੀਤਾ ਗਿਆ। ਇਹ ਰਸਾਲਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਘੀ ਸਾਥੀਆਂ ਨੇ ਜਾਰੀ ਕੀਤਾ। ਅੱਜ ਇਸ ਰਸਾਲੇ ਨੂੰ ਚਲਦੀਆਂ ਚੌਬੀ ਸਾਲ ਪੂਰੇ ਹੋ ਗਏ ਹਨ। ਇਹ ਰਸਾਲਾ ਪਿਛਲੇ 24 ਸਾਲੋਂ ਤੋਂ ਨਿਰੰਤਰ ਅਖੰਡ ਕੀਰਤਨੀ ਜੱਥਾ ਤੇ ਪੰਥ ਦੀ ਸੇਵਾ ਕਰ ਰਿਹਾ ਹੈ ਅਤੇ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਦਰਸਾਏ ਮਾਰਗ ਤੇ ਚਲਦਾ ਹੋਇਆ, ਅਖੰਡ ਕੀਰਤਨੀ ਜੱਥੇ ਨੂੰ ਚੜ੍ਹਦੀ ਕਲਾ ਵਿੱਚ ਲੈ ਜਾਣ ਲਈ ਕਾਰਜਸ਼ੀਲ ਹੈ ਤੇ ਸੰਗਤਾਂ ਵੱਲੋਂ ਇਸ ਰਸਾਲੇ ਨੂੰ ਭਰਪੂਰ ਸਹਿਯੋਗ ਮਿਲ ਰਿਹਾ ਹੈ।

Design & Print: Jai Offset Printers 0172-4616905

# ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

(07.07.1878 - 16.04.1961)



ਜੋ ਵੀਹਵੀਂ ਸਦੀ ਦੀ ਇਕ ਅਨੂਪਮ ਸ਼ਖਸੀਅਤ ਸਨ। ਜਿਨ੍ਹਾਂ ਨੂੰ ਪੰਥ ਵੱਲੋਂ 'ਸੋਨੇ ਦੀ ਚਿੜੀ' ਕਹਿ ਕੇ ਸਨਮਾਨਿਆ ਗਿਆ। ਆਪ ਜੀ ਅਤੁੱਟ ਨਾਮ ਅਭਿਆਸੀ, ਗੁਰਬਾਣੀ ਕੀਰਤਨ ਦੇ ਧਨੀ, ਕਥਨੀ ਦੇ ਸੂਰੇ, ਰਹਿਤ ਰਹਿਣੀ ਦੇ ਪੂਰੇ ਅਤੇ ਗੁਰਮਤਿ ਗੁਹਜ ਰਮਜ਼ਾਂ ਦੇ ਅਦੁੱਤੀ ਵਿਆਖਿਆਕਾਰ ਸਨ। ਆਪ ਜੀ ਆਪਣੇ ਪਿੱਛੇ ਅਗੰਮੀ ਗੁਰਬਾਣੀ ਦੀ ਲਹਿਰ 'ਅਖੰਡ ਕੀਰਤਨੀ ਜੱਥੇ' ਦੇ ਰੂਪ ਵਿੱਚ ਛੱਡ ਗਏ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸਾਲਾਨਾ ਯਾਦ ਵਿਚ ਅਖੰਡ ਕੀਰਤਨੀ ਜੱਥਾ, ਲੁਧਿਆਣਾ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ ਵਲੋਂ 16 ਅਪ੍ਰੈਲ ਦਿਨ ਐਤਵਾਰ ਸਵੇਰੇ 7 ਵਜੇ ਤੋਂ ਲੈ ਕੇ ਦੁਪਿਹਰ 1 ਵਜੇ ਤਕ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਹਵੇਲੀ, ਪਿੰਡ ਨਾਰੰਗਵਾਲ ਵਿਖੇ ਹੋ ਰਹੇ ਹਨ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਹਾਜਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

ੴ ੴ

ਠਾਕੁਰ ਗਾਈਐ ਆਤਮ ਰੰਗਿ

# ਆਤਮ ਰੰਗ

AKHAND KIRTANI JATHA (REGD.)

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ

ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।


ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।



ਜਿਲਦ ੨੫ | ਅਪ੍ਰੈਲ 2023 | ਚੇਤਰ- ਵੈਸਾਖ 555 ਨਾਨਕਸ਼ਾਹੀ | April 2023 | ਅੰਕ 4


**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



*ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ ਚੰਡੀਗੜ੍ਹ*


**ਮੁੱਖ ਸੰਪਾਦਕ**

*ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ*

**ਦ਼ਫ਼ਤਰ**

*245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)*

*ਫ਼ੋਨ ਅਤੇ ਵਟਸਐਪ : 98143-00245, 75289-00045*

**E-mail :** atamrang3@gmail.com

**Website :** www.akjatamrangmagazine.org



**ਸਲਾਹਕਾਰ**

ਭਾਈ ਕੁਲਵੰਤ ਸਿੰਘ, ਕਾਕੀ ਪਿੰਡ

ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ

ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ

ਭਾਈ ਗੁਰਬੱਚਨ ਸਿੰਘ, ਦਿਆਲਪੁਰ

ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ

**ਕਾਨੂੰਨੀ ਸਲਾਹਕਾਰ**

*ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ*



**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।



"This Gurmat Magazine contains Gurbani, please treat with respect."

**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*



ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

# ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *– ਸਵਰਗੀ ਪ੍ਰਿੰਸੀਪਲ ਗੰਗਾ ਸਿੰਘ ਜੀ*
- ਅਣਡਿੱਠੀ ਦੁਨੀਆ 7
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਪੰਜ ਪਿਆਰੇ 9
  *– ਗੁਰਪੁਰਵਾਸੀ ਭਾਈ ਜੋਗਿੰਦਰ ਸਿੰਘ ਜੀ*
- ਵੈਸਾਖੀ ਸਮੇਂ ਦਸ਼ਮੇਸ਼ ਜੀ ਦਾ ਪੈਗਾਮ 11
  *– ਭਾਈ ਅਤਰ ਸਿੰਘ ਜੀ ਨੀਰ*
- ਪੰਜ ਪਿਆਰਿਆਂ ਰਾਹੀਂ ਦਿਤਾ ਨਾਮ ਹੀ ਫਲੀਭੂਤ ਹੁੰਦਾ ਹੈ 12
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਦਸਮੇਸ਼ ਦ੍ਰਿੜਾਈ ਸੱਚੀ ਸੁੱਚੀ ਸਾਂਝੀਵਾਲਤਾ 14
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਖਾਲਸਾ ਪੂਰਨ ਜੋਤਿ ਜਗੈ ਘਟਿ ਮਹਿ ਤਬ ਖਾਲਸਾ ਤਾਹਿ ਨਖਾਲਸ ਜਾਨੈ ॥ 15
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਚਰਨਾਮ੍ਰਿਤ ਤੋਂ ਖੰਡੇ ਦੀ ਪਾਹੁਲ 17
  *– ਗੁਰਪੁਰਵਾਸੀ ਪ੍ਰਿੰ. ਸੱਜਣ ਸਿੰਘ ਜੀ*
- ਤਬ ਖਾਲਸ ਤਾਹਿ ਨਖਾਲਸ ਜਾਨੈ 21
  *– ਡਾ. ਪਰਮਜੀਤ ਕੌਰ ਜੀ*
- ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਪੰਥ 24
  *– ਗੁਰਪੁਰਵਾਸੀ ਪ੍ਰੋ. ਪੂਰਨ ਸਿੰਘ ਜੀ*
- ਗੁਰੂ ਤੇਗ ਬਹਾਦਰ ਸਾਹਿਬ 28
- ਅਰਦਾਸ ਕੀ ਹੈ ? 31
  *– ਡਾ. ਜਸਵੰਤ ਸਿੰਘ ਜੀ ਨੇਕੀ*
- ਵੈਸਾਖੁ ਭਲਾ 32
  *– ਭਾਈ ਸੇਵਾ ਸਿੰਘ ਜੀ*
- ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ – ਆਜਾਦੀ ਦੇ ਗੁਲਾਟੀ (ਪਰਵਾਨੇ) 35
  *– ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ.*
- ਆਤਮ ਰੰਗ ਮਾਸਿਕ ਪੱਤਰ ਦਾ 24 ਸਾਲਾ ਗੋਰਵਮਈ ਸਫਰ 37
  *– ਭਾਈ ਦਵਿੰਦਰ ਸਿੰਘ ਸੈਂਪਲਾ, ਐਡਵੋਕੇਟ*

## *ਸੰਪਾਦਕੀ...*

### ਵੈਸਾਖੀ - ਸਤਿਗੁਰੂ ਪ੍ਰਤਿ ਪੂਰਨ-ਸਮਰਪਣ ਦੀ ਭਾਵਨਾ ਦਾ ਪ੍ਰਤੀਕ

ਖ਼ਾਲਸੇ ਦੀ ਸਿਰਜਨਾ ਸੰਨ 1699 ਦੀ ਵੈਸਾਖੀ ਵਾਲੇ ਦਿਨ ਦਸਵੇਂ ਪਾਤਸ਼ਾਹ ਜੀ ਨੇ ਸੀਸ ਭੇਟ ਦਾ ਕੌਤਕ ਰਚ ਕੇ ਕੀਤੀ ਸੀ। ਸਿਖ-ਜਗਿਆਸੂਆਂ ਨੇ 'ਸਿਰੁ ਧਰਿ ਤਲੀ ਗਲੀ ਮੇਰੀ ਆਉ ॥' ਦੀ ਸੇਧ ਵਿਚ ਮਾਨੋ ਸਮੁੱਚੀ ਖ਼ਾਲਸਾ ਕੌਮ ਨੇ ਦਸਮੇਸ਼ ਸਤਿਗੁਰੂ ਅੱਗੇ ਸੀਸ ਭੇਟ ਕਰਕੇ ਖੰਡੇ ਕੀ ਪਾਹੁਲ ਪ੍ਰਾਪਤ ਕੀਤੀ ਤੇ ਗੁਰੂ ਕੀਆਂ ਖੁਸ਼ੀਆਂ ਲਈਆਂ। ਸ਼ੀਸ-ਭੇਟ ਦੀ ਗੱਲ ਪ੍ਰੇਮ ਖੇਡ ਖੇਲਣ ਦੇ ਚਾਉ ਵਾਲੇ ਜਗਿਆਸੂਆਂ ਲਈ ਗੁਰੂ ਨਾਨਕ ਪਾਤਸ਼ਾਹ ਨੇ ਸ਼ੁਰੂ ਕੀਤੀ ਸੀ -

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ - 1412***

ਕਈ ਵਿਆਖਿਆਕਾਰ ਸੀਸ-ਭੇਟ ਨੂੰ ਕੇਵਲ ਆਪਾ ਸਮਰਪਣ ਦੇ ਸੰਕਲਪ ਤਕ ਹੀ ਸੀਮਿਤ ਸਮਝਦੇ ਹਨ ਪਰ 1699 ਦੀ ਵੈਸਾਖੀ ਨੇ ਸੀਸ-ਭੇਟ ਦਾ ਇਕ ਅਲੌਕਿਕ ਦ੍ਰਿਸ਼ ਅਮਲੀ ਤੌਰ 'ਤੇ ਕੀਤਾ। ਕਿਵੇਂ ਦਸਵੇਂ ਪਾਤਸ਼ਾਹ ਜੀ ਨੇ ਬੜੇ ਜਲਾਲ ਵਿਚ ਆ ਕੇ ਸਿਰੀ ਸਾਹਿਬ ਮਿਆਨ ਵਿਚੋਂ ਧੂਅ ਕੇ, ਸ੍ਰੀ ਅਨੰਦਪੁਰ ਸਾਹਿਬ ਵਿਖੇ ਜੁੜੀ ਸੰਗਤਿ ਤੋਂ ਸੱਚ-ਮੁੱਚ ਸੀਸ ਭੇਟ ਦੀ ਮੰਗ ਕੀਤੀ। ਧੰਨ ਹਨ ਉਹ ਪੰਜ ਗੁਰੂ ਕੇ ਲਾਲ ਜਿਨ੍ਹਾਂ ਨੇ ਵਾਰੀ ਵਾਰੀ ਅੱਗੇ ਵਧ ਕੇ ਸੀਸ ਭੇਟ ਕੀਤੇ। ਉੱਥੇ ਭਾਵੇਂ ਹੋਰ ਅਨੇਕਾਂ ਗੁਰੂ ਕੇ ਪਿਆਰੇ ਸੀਸ ਭੇਟ ਕਰਨ ਲਈ ਤਿਆਰ ਸਨ, ਪਰ ਮਹਾਰਾਜ ਨੇ ਪੰਜਾਂ ਤੋਂ ਮਗਰੋਂ ਸੀਸ ਭੇਟ ਦੀ ਮੰਗ ਹੀ ਨਹੀਂ ਸੀ ਕੀਤੀ। ਅਨੇਕਾਂ ਦੇ ਸੀਸ ਭੇਟ ਦੇ ਅਰਮਾਨ ਅੰਦਰ ਦੇ ਅੰਦਰ ਹੀ ਰਹਿ ਗਏ। ਬਾਕੀ ਜਿਹੜੇ ਸਿੱਖ ਆਪਣੇ ਸੀਸ ਗੁਰੂ ਤੋਂ ਵਾਰਨ ਦੇ ਚਾਹਵਾਨ ਸਨ, ਉਹਨਾਂ ਨੂੰ ਭੀ ਸਤਿਗੁਰਾਂ ਨੇ ਨਿਰਾਸ਼ ਨਹੀਂ ਸੀ ਕੀਤਾ, ਸਗੋਂ ਉਹਨਾਂ ਲਈ ਇਹ ਹੁਕਮ ਕੀਤਾ, 'ਤਿਆਰ ਰਹਿਣਾ, ਤੁਹਾਨੂੰ ਵੀ ਸੀਸ ਭੇਟ ਕਰਨ ਦਾ ਮੌਕਾ ਜ਼ਰੂਰ ਦਿੱਤਾ ਜਾਏਗਾ।" ਅਤੇ ਇਹ ਪੇਸ਼ੀਨਗੋਈ ਅਗਲੇਰੀਆਂ ਸਦੀਆਂ ਵਿਚ ਸਾਮਰਤਖ ਹੋਈ।

ਸੰਨ 1699 ਤੋਂ ਮਗਰੋਂ ਖ਼ਾਲਸਾ ਪੰਥ ਵੱਲੋਂ ਜਿੰਨੀਆਂ ਸ਼ਹੀਦੀਆਂ ਹੋਈਆਂ ਹਨ ਓਨੀਆਂ ਇਸ ਘਟਨਾਂ ਤੋਂ ਪਹਿਲਾਂ ਨਹੀਂ ਸੀ ਹੋਈਆਂ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀਆਂ ਸ਼ਹੀਦੀਆਂ ਨੇ 'ਨਾਨਕ-ਪੰਥ' ਦੀ ਸਮੂਹ ਜਥੇਬੰਦੀ ਅੰਦਰ ਧਰਮ ਲਈ ਕੁਰਬਾਨ ਹੋ ਜਾਣ ਦਾ ਲਾਸਾਨੀ ਜਜ਼ਬਾ ਭਰਿਆ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਯਾਲਾ ਜੀ ਪਹਿਲੇ ਸਿਖ ਸ਼ਹੀਦ ਸਨ। 1699 ਤੋਂ ਮਗਰੋਂ 1799 ਤਕ ਸਮੁੱਚੀ 18ਵੀਂ ਸਦੀ 'ਸ਼ਹੀਦੀ ਸਦੀ' ਆਖੀ ਜਾ ਸਕਦੀ ਹੈ। ਸੰਨ 1734 ਵਿਚ ਭਾਈ ਮਨੀ ਸਿੰਘ ਜੀ ਦੀ ਵੱਡੀ ਸ਼ਹੀਦੀ ਹੋਈ, ਜੋ ਦਸਵੇਂ ਪਾਤਸ਼ਾਹ ਦੇ ਸਮਕਾਲੀ, ਗੁਰਬਾਣੀ ਦੇ ਪਹਿਲੇ ਟਕਸਾਲੀ ਵਿਆਖਿਆਕਾਰ ਸਨ ਅਤੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਂਝੇ ਮੁਖ ਸੇਵਾਦਾਰ ਭੀ ਸਨ। ਸੰਨ 1757 ਵਿਚ ਬਾਬਾ ਦੀਪ ਸਿੰਘ ਜੀ ਆਪਣੇ ਜਥੇ ਦੇ ਅਨੇਕਾਂ ਸਿੰਘਾਂ ਸਮੇਤ ਅਹਿਮਦਸ਼ਾਹ ਅਬਦਾਲੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਜੀ ਨੂੰ ਬੇਅਦਬੀ ਤੋਂ ਬਚਾਉਣ ਲਈ ਸ਼ਹੀਦ ਹੋਏ ਸਨ। 1748 ਦਾ ਛੋਟਾ ਘੱਲੂਘਾਰਾ ਅਤੇ 1762 ਦੇ ਕੁੱਪ ਰਹੀੜੇ ਦੇ ਵੱਡੇ ਘੱਲੂਘਾਰੇ ਦੌਰਾਨ ਹਜ਼ਾਰਾਂ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ। 1799 ਵਿਚ ਖ਼ਾਲਸਾ ਰਾਜ ਦੀ ਸਥਾਪਨਾ ਤਕ ਅਤੇ ਉਸ ਤੋਂ ਮਗਰੋਂ ਭੀ ਸੰਨ 1840 ਤਕ, ਖ਼ਾਲਸਾ, ਧਰਮ ਦੀ ਖ਼ਾਤਰ ਜੂਝਦਾ ਹੀ ਰਿਹਾ ਅਤੇ ਆਪਣੇ ਸੀਸ ਨੂੰ ਨਿਰੰਤਰ ਭੇਟ ਕਰਦਾ ਰਿਹਾ। 1846 ਤੋਂ 1849 ਤਕ ਅੰਗਰੇਜ਼ਾਂ ਨਾਲ ਹੋਈਆਂ ਚਾਰ ਲੜਾਈਆਂ ਵਿਚ ਸਿੰਘਾਂ ਸੂਰਮਿਆਂ ਨੇ ਬੜੇ ਚਾਉ ਨਾਲ ਸ਼ਹੀਦੀ ਦੇ ਜਾਮ ਪੀਤੇ। ਇਸ ਦੀ ਜੋ ਵੀਰ-ਗਾਥਾ ਅੰਗਰੇਜ਼ ਜਰਨੈਲਾਂ ਨੇ ਲਿਖੀ, ਉਹ ਖ਼ਾਲਸੇ ਲਈ ਫ਼ਖ਼ਰ ਦੀ ਗੱਲ ਹੈ।

ਸ਼ਹੀਦੀ ਦੀਆਂ ਦਾਸਤਾਨਾਂ ਨੂੰ ਸੁਣ/ਪੜ੍ਹ ਕੇ ਇਉਂ ਲਗਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਵੈਸਾਖੀ ਨੇ ਐਸੀ ਕੌਮ ਤਿਆਰ ਕੀਤੀ ਜੋ ਗੁਰੂ ਨੂੰ ਪੂਰਨ ਤੌਰ 'ਤੇ ਸਮਰਪਿਤ ਸੀ, ਅਤੇ ਹੁਣ ਭੀ ਹੈ। ਉਹਨਾਂ ਧਰਮ ਦੀ ਆਨ-ਸ਼ਾਨ ਖ਼ਾਤਰ ਵੀ ਆਪਣਾ ਸੀਸ ਵਾਰਨ ਤੋਂ ਸੰਕੋਚ ਨਹੀਂ ਕੀਤਾ। 19ਵੀਂ ਇਤਿਹਾਸਕ ਸ਼ਤਾਬਦੀ ਵਿਚ ਗੁਰੂ ਸਾਹਿਬਾਨ ਦੇ ਨਾਮ ਨਾਲ ਜੁੜੇ ਅਨੇਕਾਂ ਇਤਿਹਾਸਕ ਗੁਰ-ਧਾਮਾਂ ਉੱਤੇ ਪੁਜਾਰੀਆਂ

ਅਤੇ ਮਹੰਤਾਂ ਦਾ ਕਬਜ਼ਾ ਹੁੰਦਾ ਗਿਆ। ਸਮੇਂ ਦੇ ਬੀਤਣ ਨਾਲ ਅਤੇ ਪੂਜਾ ਦੇ ਧਾਨ ਦੀ ਦੁਰਵਰਤੋਂ ਕਾਰਨ ਗੁਰਦੁਆਰਾ-ਪ੍ਰਬੰਧ ਵਿਚ ਭ੍ਰਿਸ਼ਟਾਚਾਰ ਵਧਦਾ ਗਿਆ। ਸੰਨ 1920 ਅਤੇ 1925 ਦੀ ਗੁਰਦੁਆਰਾ-ਸੁਧਾਰ ਲਹਿਰ ਨੇ ਭ੍ਰਿਸ਼ਟ ਮਹੰਤਾਂ ਅਤੇ ਪੁਜਾਰੀਆਂ ਦੀ ਅਜਾਰੇਦਾਰੀ ਨੂੰ ਖ਼ਤਮ ਕੀਤਾ ਪਰ ਇਸ ਲਹਿਰ ਦੌਰਾਨ ਅਨੇਕਾਂ ਸਿੰਘਾਂ ਨੂੰ ਸ਼ਹੀਦੀਆਂ ਦੇਣੀਆਂ ਪਈਆਂ। 1921 ਵਿਚ ਭਾਈ ਲਛਮਣ ਸਿੰਘ ਜੀ ਦੀ ਅਗਵਾਈ ਵਿਚ 156 ਸਿੰਘਾਂ ਦੇ ਜਥੇ ਨੂੰ ਨਰੈਣੂ ਮਹੰਤ ਨੇ ਭਾੜੇ ਦੇ ਗੁੰਡਿਆਂ ਤੋਂ ਸ੍ਰੀ ਨਨਕਾਣਾ ਸਾਹਿਬ ਵਿਖੇ ਸ਼ਹੀਦ ਕਰਵਾਇਆ। ਫਿਰ 1978 ਦੀ ਵੈਸਾਖੀ ਨੂੰ ਨਿਰੰਕਾਰੀਆਂ ਵੱਲੋਂ ਗੁਰੂ-ਨਿੰਦਾ ਵਿਰੁੱਧ ਰੋਸ ਪ੍ਰਗਟ ਕਰਨ ਲਈ 200 ਸਿੰਘ ਨੰਗੇ ਪੈਰੀਂ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਤੋਂ ਗੀਕੋ ਬਰਿਜ ਤਕ (ਜਿਥੇ ਗੁਰਬਚਨ ਸਿਹੁੰ ਆਪਣਾ ਦਰਬਾਰ ਲਗਾਈ ਬੈਠਾ ਸੀ), ਜਲੂਸ ਦੀ ਸ਼ਕਲ ਵਿਚ ਗਏ। ਉੱਥੇ 200 ਸਿੰਘਾਂ ਦੇ ਇਸ ਨਿਹੱਥੇ ਜਥੇ ਉੱਤੇ ਨਿਰੰਕਾਰੀਆਂ ਦੇ ਭਾੜੇ ਦੇ ਬੰਦਿਆਂ ਨੇ ਵਾਹੋ-ਦਾਹੀ ਗੋਲੀਆਂ ਚਲਾ ਦਿੱਤੀਆਂ, ਜਿਸਦੇ ਫਲਸਰੂਪ 13 ਸਿੰਘ ਸ਼ਹੀਦ ਹੋ ਗਏ ਅਤੇ 150 ਦੇ ਕਰੀਬ ਜ਼ਖ਼ਮੀ ਹੋਏ।

ਅੱਜ ਭੀ ਕੌਮ ਵਿਚ ਸੀਸ ਭੇਟ ਦਾ ਜਜ਼ਬਾ ਘਟਿਆ ਨਹੀਂ, ਭਾਵੇਂ ਅਜੋਕੇ ਕੌਮੀ/ਸਿਆਸੀ ਆਗੂਆਂ ਦੀਆਂ ਸਿਆਸੀ ਗਤੀ-ਵਿਧੀਆਂ ਕਾਰਨ ਇਹ ਜਜ਼ਬਾ ਹੌਲੀ ਹੌਲੀ ਮੱਠਾ ਪੈਂਦਾ ਜਾਂਦਾ ਹੈ। ਸਤਿਗੁਰੂ ਮਿਹਰ ਕਰਨ, ਕੌਮ ਦੀ ਵਾਗਡੋਰ ਸੱਚੇ-ਸੁੱਚੇ ਧਰਮੀ ਆਗੂਆਂ ਦੇ ਹੱਥਾਂ ਵਿਚ ਆਵੇ! ਸ਼ਹੀਦੀਆਂ ਕਦੀ ਵਿਅਰਥ ਨਹੀਂ ਜਾਂਦੀਆਂ। ਸਤਿਗੁਰੂ ਸਦਾ ਖ਼ਾਲਸੇ ਦੇ ਅੰਗ ਸੰਗ ਹਨ। ਨਿਰਾਸ਼ ਹੋਣ ਦੀ ਲੋੜ ਨਹੀਂ। ਸਤਿਗੁਰੂ ਜੀ ਅੱਗੇ ਅਸੀਂ ਸਾਰੇ ਅਰਦਾਸ ਕਰੀਏ, ਗੁਰਦੇਵ! ਕੌਮ ਨੂੰ ਸੁਘੜ, ਸਿਆਣੇ, ਧਰਮੀ ਆਗੂ ਪ੍ਰਦਾਨ ਕਰੋ ਜੀ, ਜੋ ਆਪ ਪੂਰਨ ਤੌਰ 'ਤੇ ਗੁਰੂ ਪ੍ਰਤਿ ਸਮਰਪਿਤ ਹੋਣ ਅਤੇ ਕੌਮ ਵਿਚ ਪੂਰਨ ਸਮਰਪਣ ਦੀ ਭਾਵਨਾ ਉਜਾਗਰ ਕਰ ਸਕਣ। ਕੌਮ ਦੀ ਇਹ ਅਰਦਾਸ ਅਵੱਸ਼ ਸੁਣੀ ਜਾਏਗੀ।

# ਬਾਰਹ ਮਾਹ ਕਥਾ

*[(ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

***ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥ ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥ ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥ ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥ ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥ ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥ ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥ ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥ ਅੰਗ - 135***

**ਅਰਥ**

ਵਿਸਾਖ ਦੁਆਰਾ ਉਪਦੇਸ਼ ਹੈ ਕਿ ਜੋ ਵਿਛੜੀਆਂ ਹੋਈਆਂ ਹਨ ਅਤੇ ਪ੍ਰੇਮ ਤੋਂ ਖ਼ਾਲੀ ਹਨ, ਉਨ੍ਹਾਂ ਨੂੰ ਧੀਰਜ ਕਿਸ ਤਰ੍ਹਾਂ ਆ ਸਕਦੀ ਹੈ? ਹਰਿ ਸੱਜਣ ਪੁਰਖ ਨੂੰ ਛੱਡ ਕੇ (ਉਹਨਾਂ ਨੂੰ) ਛਲ ਰੂਪ ਮਾਇਆ ਦੀ ਖਿਚ ਲੱਗੀ ਹੋਈ ਹੈ। ਉਸ ਅਬਿਨਾਸੀ ਹਰੀ ਤੋਂ ਬਿਨਾਂ ਪੁੱਤਰ, ਇਸਤਰੀ ਤੇ ਧਨ ਕੋਈ ਵੀ ਸਾਥ ਨਹੀਂ ਦਿੰਦਾ। ਝੂਠੈ ਧੰਧੇ ਤੇ ਮੋਹ ਵਿਚ ਪਲਚ ਪਲਚ ਕੇ ਸਾਰੇ ਮਰ ਰਹੇ ਹਨ। ਇਕ ਹਰੀ ਦੇ ਨਾਮ ਬਾਝੋਂ ਅੱਗੇ ਸਭ ਕੁਝ ਖੋਹਿਆ ਜਾਂਦਾ ਹੈ। ਪ੍ਰਭੂ ਤੋਂ ਬਿਨਾਂ ਹੋਰ ਕੋਈ ਨਹੀਂ (ਤੇ) ਉਸ ਨੂੰ ਵਿਸਾਰ ਕੇ ਪਛਤਾਵਾ ਹੀ ਪਛਤਾਵਾ ਹੈ। (ਪਰ) ਜੋ ਉਸ ਪ੍ਰੀਤਮ ਦੇ ਚਰਨੀਂ ਲੱਗ ਗਏ ਹਨ, ਉਨ੍ਹਾਂ ਦੀ ਸੋਭਾ ਬੜੀ ਨਿਰਮਲ ਹੋ ਗਈ ਹੈ। (ਗੁਰੂ) ਨਾਨਕ ਦੀ ਬੇਨਤੀ ਹੈ ਕਿ ਹੇ ਪ੍ਰਭੂ ਜੀ! ਮਿਲੋ, ਤਾਂ ਜੁ ਮੇਰੇ ਕੁਝ ਪੱਲੇ ਪਵੇ। ਵਿਸਾਖ ਤਦ ਸੁਹਾਉਣਾ ਹੈ ਜੇ ਵਾਹਿਗੁਰੂ ਜੀ (ਪੂਰਣ) ਸੰਤ ਦੇ ਦਰਸ਼ਨ ਕਰਾ ਦੇਣ।



# ਅਣਡਿੱਠੀ ਦੁਨੀਆ



*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਅਗਲੀ ਦਰਗਾਹ ਵਿਚ ਗੁਰਮੁਖ ਪਿਆਰੇ ਦੇ ਅਨੰਦ ਰੰਗ ਮਾਨਣ ਦਾ ਕੈਸਾ ਹੂ-ਬ-ਹੂ ਨਕਸ਼ਾ ਬੰਨ੍ਹਿਆ ਹੈ। ਕਿਹੜਾ ਗੁਰਸਿਖ ਹੈ ਜੋ ਅਗਲੀ ਦਰਗਾਹ ਦੀ ਹਸਤੀ ਤੋਂ ਮੁਨਕਰ ਹੋਣ ਦੀ ਦਲੇਰੀ ਕਰ ਸਕਦਾ ਹੈ? ਹਾਂ, ਮਾਇਆ ਮੋਹ ਲਪਟਾਏ, ਲਥ-ਪਥਾਏ ਮਨਮੁਖਾਂ ਨੂੰ ਇਸ ਅਗਲੀ ਦਰਗਾਹ ਦੀ ਪ੍ਰਤੀਤ ਨਹੀਂ ਆ ਸਕਦੀ, ਕਿਉਂਕਿ ਉਨ੍ਹਾਂ ਦਾ ਵਿਹਾਰ ਹੀ ਨਿਤਾਪ੍ਰਤਿ ਮਾਇਆ-ਗ੍ਰਸਤ ਮੋਹ ਲਪਟਸਤ ਰਹਿਣਾ ਹੈ। ਓਨ੍ਹਾਂ ਦੀ ਪ੍ਰਮਾਰਥ ਦੇ ਪਾਸੇ ਅੱਖ ਹੀ ਨਹੀਂ ਉਘੜਦੀ। ਓਨ੍ਹਾਂ ਨੂੰ ਪਰਮਾਤਮਾ ਦੇ ਪਾਉਣ ਦੀ ਵੈਰਾਗ-ਉਦਾਸੀ ਹੀ ਨਹੀਂ ਉਪਜਦੀ। ਤਿਨ੍ਹਾਂ ਨੂੰ ਪ੍ਰਮਾਰਥ ਦੇ ਸਚੇ ਸ਼ਾਹ ਸਤਿਗੁਰੂ ਦੇ ਦੁਆਰੇ ਜਾਇ ਸਚੀ ਦੀਖਸ਼ਾ ਮਈ ਸੁਮਤਿ ਲੈਣ ਦੀ ਲੋੜ ਹੀ ਨਹੀਂ ਭਾਸਦੀ। ਉਹ ਕਰਮਹੀਨ ਸਦਾ ਦੁਖੀ, ਦਰਿ ਤੇ ਦੀਨ ਹੀ ਰਹਿੰਦੇ ਹਨ, ਗੁਰ-ਸ਼ਬਦ ਨਹੀਂ ਚੀਨਦੇ, ਅਗੇ ਜਾ ਕੇ ਖੀਨ ਖਰਾਬ ਤੇ ਪਤਿਹੀਨ ਹੁੰਦੇ ਹਨ, ਰਹਿੰਦੀ ਖੂੰਹਦੀ ਪਤਿ ਭੀ ਖੋ ਲੈਂਦੇ ਹਨ।

ਇਹ ਹਉਮ-ਬੰਧਨੀ ਮਨਮੁਖਾਂ ਸਾਕਤਾਂ ਦਾ ਹਾਲ ਹੁੰਦਾ ਹੈ। ਜਿਨ੍ਹਾਂ ਗੁਰਮੁਖਾਂ ਸਤਿਗੁਰੂ ਦੀ ਦੀਖਿਆ ਲੇ ਨਿਗੁਰਿਓਂ ਸਗੁਰੇ ਹੋਇ ਕੇ ਹਉਮੈ ਖੋਈ ਹੈ, ਤਿਨ੍ਹਾਂ ਨਾਮ ਰੱਤਿਆਂ ਨੂੰ ਹੀ ਸਚੜੀ ਦਰਗਾਹੇ ਸਚਾ ਸੁਖ ਮਿਲਦਾਂ ਹੈ। ਗੁਰੂ ਦੇ ਗੁਰਮੁਖ ਸਿਖ ਗੁਰਮਤਿ ਕਰਮ ਸੁਕਰਮ ਨਾਮ ਮਰੰਮੀ, ਨਾਮ ਸਿਫ਼ਤੰਮੀ ਕਰਮ ਕਮਾਂਵਦੇ ਹੋਏ ਵਿਗਾਸ ਵਿਗਸੰਮੀ, ਰੰਗ ਰਗੰਮੀ ਹੀ ਰਹਿੰਦੇ ਹਨ, ਦਿਨ ਰਾਤ, ਜੰਝ ਪਰਭਾਤ ਭਗਤੀ ਰੱਤੇ ਹੀ ਰਹਿੰਦੇ ਹਨ, ਐਥੇ ਭੀ ਅਤੇ ਓਥੇ ਭੀ ਬੈਰਾਗ-ਅਨੰਦੀਏ ਤੇ ਅਨੰਦ ਬੈਰਾਗੀਅੜੇ ਹੀ ਰਹਿੰਦੇ ਹਨ। ਇਸ ਤਰ੍ਹਾਂ ਹਉਮੈ ਮਾਰ ਕੇ ਉਹ ਉੱਕੇ ਹੀ ਨਿਸਚਿੰਤ ਹੋ ਜਾਂਦੇ ਹਨ। ਦੋਹੀਂ ਸਰਾਈਂ ਸੁਰਖ਼-ਰੂਈ ਹਾਸਲ ਕਰਿ ਉਨ੍ਹਾਂ ਨੂੰ ਫ਼ਿਕਰ ਚਿੰਤਾ ਕਾਸੇ ਦੀ ਨਹੀਂ ਰਹਿੰਦੀ। ਓਨ੍ਹਾਂ ਦੇ ਵਡੇ ਭਾਗ ਪਹਿਲਾਂ ਹੀ ਉਦੇ ਹੋਇ ਆਉਣ ਕਰਕੇ ਉਨ੍ਹਾਂ ਦਾ ਮੁੱਢ ਤੋਂ ਹੀ ਸਤਿਸੰਗ ਵਿਚ ਵਾਸਾ ਤੇ ਪ੍ਰੇਮ ਹੁਲਾਸਾ ਰਹਿੰਦਾ ਹੈ। ਅਹਿਨਿਸਿ ਸਤਿਸੰਗ ਨਿਵਾਸ ਦੇ ਪ੍ਰਤਾਪ ਕਰਿ ਤਿਨ੍ਹਾਂ ਨੂੰ ਵਾਹਿਗੁਰੂ ਦੀ ਪ੍ਰਾਪਤੀ ਐਸੀ ਹੁੰਦੀ ਹੈ ਕਿ ਉਹ ਸਦਾ ਹੀ ਸਹਿਜ ਅਨੰਦ ਬਿਵਸਥਾ ਵਿਚ ਹੀ ਲੀਨ ਮਗਲੀਨ ਰਹਿੰਦੇ ਹਨ। ਇਸ ਪ੍ਰਕਾਰ ਦੇ ਜੋ ਅਨੰਦ ਮਗਲੀਨ, ਨਾਮ ਲਿਵਲੀਨ ਗੁਰਸਿਖ ਭਗਤ ਹਨ, ਸੋਈ ਸਚੇ ਸਾਧ ਹਨ, ਸੋਈ ਸਚੇ ਬੈਰਾਗੀ ਹਨ, ਸੋਈ ਸਚੇ ਰਾਜ-ਜੋਗੀ ਹਨ, ਤਿਨ੍ਹਾਂ ਨੇ ਹੀ ਵਿਚੋਂ ਆਪਾ ਗਵਾ ਲਿਆ ਹੁੰਦਾ ਹੈ। ਹਉਮੈ ਦਾ ਉੱਕਾ ਹੀ ਬਿਨਾਸ ਹੋਣ ਕਰਕੇ ਉਹ ਖਿਨ ਖਿਨ ਹਰ ਦਮ ਹੀ ਹਰਿ ਰਸ ਪੀ ਅਘਾਇ ਰਹਿੰਦੇ ਹਨ। ਐਸਾ ਨਾਮ ਨਿਧਾਨ ਉਨ੍ਹਾਂ ਨੂੰ ਸਤਿਗੁਰੂ ਸਚੇ ਤਲੀ ਤੇ ਕਢ ਕੇ ਦਿਖਾ ਦਿਤਾ ਹੁੰਦਾ ਹੈ ਅਤੇ ਹਿਰਦੇ ਵਿਗਸਤ ਕਰਾ ਦਿਤਾ ਹੁੰਦਾ ਹੈ, ਜਿਸ ਪ੍ਰਸਾਦਿ ਉਹ ਸਦ ਸਦਾ ਖੀਵੇ, ਦਰਸ ਵਿਗਸੀਵੇ ਹੀ ਰਹਿੰਦੇ ਹਨ। ਯਥਾ ਗੁਰਵਾਕ -

*ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ॥*
*ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ॥*
*ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ॥੧॥*
*ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ॥*
*ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ॥*
*ਵਡੈ ਭਾਗਿ ਸਤਿਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ॥੨॥*
*ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ॥*
*ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ॥*
*ਨਾਮੁ ਨਿਧਾਨੁ ਸਤਿਗੁਰੂ ਦਿਖਾਲਿਆ*
*ਹਰਿ ਰਸੁ ਪੀਆ ਅਘਾਏ॥੩॥(੪॥੮॥੪੧)*

*ਸਿਰੀ ਰਾਗੁ ਮ: ੩, ਪੰਨਾ ੨੯*

ਗੁਰਬਾਣੀ ਅੰਦਰ ਥਾਂ ਥਾਂ ਗੁਰੂ ਸਾਹਿਬ ਦੇ ਇਹ ਹੁਕਮ ਸਪਸ਼ਟ ਨਿਖਰਵੇਂ ਅਖਰਾਂ ਵਿਚ ਪਾਏ ਜਾਂਦੇ ਹਨ।

ਜੋ ਲੋਕ ਗੁਰੂ ਤੋਂ ਬੇਮੁਖ ਹੋ ਕੇ ਮਨਮੁਖਾਂ ਵਾਲੇ ਕਰਮ ਕਮਾਉਂਦੇ ਹਨ, ਓਨ੍ਹਾਂ ਨੂੰ ਅਗੇ ਦਰਗਾਹ ਅੰਦਰ ਸਜ਼ਾਵਾਂ ਮਿਲਦੀਆਂ ਹਨ। ਏਸ ਭੁਲੇਖੇ ਵਿਚ ਕੋਈ ਨ ਰਹੇ ਕਿ ਇਹ ਕੇਵਲ ਰੋਚਕ ਭਿਆਨਕੀ ਡੂਮ-ਡਰਾਵੇ ਅਣਡਿੱਠੀ ਦੁਨੀਆ ਹੀ ਦਿਤੇ ਹੋਏ ਹਨ ਕਿ ਲੋਕ ਬੁਰੇ ਕਰਮਾਂ ਤੋਂ ਹਟ ਜਾਣ। ਬੁਰੇ ਕਰਮਾਂ ਤੋਂ ਹਟਾਉਣਾ ਭੀ ਸਤਿਗੁਰਾਂ ਦਾ ਇਕ ਪਰਮਾਰਥ ਉਦੇਸ਼ੀ ਮੁਖ ਉਪਦੇਸ਼ ਹੈ, ਪਰ ਕੂੜਾਵੇ ਭੈ ਦੇ ਕੇ ਯਾ ਦਿਖਾ ਕੇ ਐਸਾ ਕਰਨਾ ਸਤਿਗੁਰੂ ਦੀ ਸਤਿਗੁਰਤਾ ਵਾਲੀ ਵਡਿਆਈ ਨੂੰ ਹਾਸੋ ਹੀਣਾ ਬਨਾਉਣਾ ਹੈ। ਕੂੜਾਵਾਂ ਭੈ ਦੇਣਾ ਸਤਿਗੁਰੂ ਦੀ ਮਹੱਤਤਾ ਨਹੀਂ, ਨਾ ਹੀ ਗੁਰੂ ਗਿਆਨਗਤਾ ਹੈ –

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥੧੬॥*
*ਸਲੋਕ ਮ: ੯, ਪੰਨਾ ੧੪੨੭*

ਹੀ ਗੁਰੂ ਗਿਆਨ ਉਪਦੇਸ਼ ਮਹਾਨਤਾ ਹੈ –

*ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ*
*ਸੁ ਨਾਨਕੁ ਆਖਿ ਸੁਣਾਵੈ॥੨॥੧੦॥*
*ਆਸਾ ਮ: ੫, ਪੰਨਾ ੩੭੩*

ਵਾਲੀ ਵਾਸਤਵਿਕਤਾ ਦਰਸਾਉਣੀ, ਸਾਂਗੋਪਾਂਗ ਦਰਪਨਾਉਣਾ, ਸਤਿਗੁਰੂ ਦੀ ਸਤ ਮਹੱਤਤਾ ਵਾਲਾ ਵਾਸਤਵੀ ਕਰਤਬ ਹੈ। ਤਾਂਤੇ ਇਸ ਕੂੜਾਵੇ ਭਰਵਾਸੇ ਅਵੇਸਲੇ ਹੋ ਰਹਿਣਾ ਕਿ ਅਗੇ ਕੋਈ ਦਰਗਾਹ ਨਹੀਂ, ਨਾ ਹੀ ਕੋਈ ਸਜ਼ਾ ਮਿਲਣੀ ਹੈ, ਐਵੇਂ ਡੂਮ ਡਰਾਵਾ ਹੀ ਹੈ, ਐਸਾ ਕੁਢੰਗਾ-ਢੰਗ ਖ਼ਿਆਲ ਕੁਢੰਗਣਾ ਮਹਾਂ ਮੂਰਖਤਾ ਭਰਿਆ ਅਗਿਆਨ ਹੈ। ਗੁਰਵਾਕਾਂ ਦੁਆਰਾ ਨਿਰੂਪਨ ਹੋਇਆ ਸਤਿਗੁਰੂ ਸਾਹਿਬ ਦਾ ਤੱਤ ਫ਼ੁਰਮਾਨ ਸਭ ਤੋਂ ਸੱਤ ਹੈ। ਇਕ ਵਾਰ ਨਹੀਂ ਅਣਗਿਣਤ ਵਾਰ, ਇਕ ਥਾਉਂ ਨਹੀਂ ਅਣਗਿਣਤ ਥਾਉਂ ਗੁਰਬਾਣੀ ਅੰਦਰ ਐਸੇ ਫ਼ੁਰਮਾਨ ਆਉਂਦੇ ਹਨ। ਉਦਾਹਰਣ ਵਜੋਂ ਕੁਝਕੁ ਪ੍ਰਮਾਣ ਤਿਨ੍ਹਾਂ ਫ਼ੁਰਮਾਨਾਂ ਦੇ ਅੱਗੇ ਦਿਤੇ ਜਾਂਦੇ ਹਨ –

*ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ॥੧॥*
*ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ॥*
*ਮਨਮੁਖ ਸਬਦੁ ਨਾ ਜਾਣਨੀ*
*ਜਾਸਨਿ ਪਤਿ ਗਵਾਇ ॥੩॥(੪॥੧੯॥੫੨)*
*ਸਿਰੀ ਰਾਗੁ ਮ: ੩, ਪੰਨਾ ੩੩*

ਮਨਮੁਖਤਾ ਪਰਲੇ ਦਰਜੇ ਦੀ ਹਉਮੈ ਅਹੰਗਤਾ ਹੈ। ਸਾਰਾ ਜਗਤ ਇਸੇ ਵਿਚ ਭੰਬਲ ਭੂਸੇ ਖਾ ਰਿਹਾ ਹੈ। ਜਿੰਨੇ ਭੀ ਇਸ ਹਉਮੈ ਬਿਆਧ ਉਪਾਧੀ ਵਾਲੇ ਮਨਮੁਖੀ ਕਰਮ ਹਨ, ਤਿਨ੍ਹਾਂ ਬਦਲੇ ਸਚੀ ਦਰਗਾਹ ਅੰਦਰ ਸਜ਼ਾ ਜ਼ਰੂਰ ਮਿਲਣੀ ਹੈ, ਅਵੱਸ਼ਮੇਵ ਮਿਲਣੀ ਹੈ, ਟਲਣੀ ਨਹੀਂ, ਪਰ ਖ਼ਿਆਲ ਕੋਈ ਨਹੀਂ ਕਰਦਾ, ਨ ਕੋਈ ਸਮਝਦਾ ਹੈ। ਨਾ ਸਮਝਣ; ਦਰਗਾਹੀ ਸਜ਼ਾ ਵਾਲੀ ਬਲਾ ਟਲ ਨਹੀਂ ਜਾਣੀ, ਜ਼ਰੂਰ ਭੁਗਤਣੀ ਪਊ। ਏਸ ਮਨਮੁਖਤਾ ਭਰੀ ਹਉਮੈ ਦੇ ਕਾਰਨ ਹੀ ਸਾਰਾ ਜੱਗ ਬਿਨਸਦਾ ਹੈ, ਮਰਿ ਮਰਿ ਜੰਮਦਾ ਹੈ ਅਤੇ ਜੰਮ ਜੰਮ ਕੇ ਫਿਰ ਆਉਂਦਾ ਜਾਂਦਾ ਅਤੇ ਆਵਾਗਵਨੀ ਚੌਰਾਸੀ ਦੇ ਗੇੜ ਵਿਚ ਭੌਂਦਾ ਹੈ। ਹਉਮੈ ਗ੍ਰਸੇ ਮਨਮੁਖਾਂ ਨੂੰ ਗੁਰਸ਼ਬਦ ਦੀਖਿਆ ਗੁਰ-ਉਪਦੇਸ਼ ਸੱਤਤਾ ਦੀ ਪਰਤੀਤ ਨਹੀਂ ਆਉਂਦੀ, ਗੁਰ ਸ਼ਬਦ ਦੀ ਸਾਰ ਨਹੀਂ ਆਉਂਦੀ। ਤਾਂਹੀ ਤੇ ਸਾਰਾ ਸੰਸਾਰੀ ਲਾਣਾ, ਹਉਮੈ ਭਰਮ ਭੁਲਾਣਾ ਹੋਇਕੈ ਆਪਣੀ ਪਤਿ ਆਬਰੂ ਗੰਵਾ ਕੇ ਆਪਣੀ ਮਨੁਖਤਾ ਨੂੰ ਝੁਠਲਾ ਕੇ ਚਲਿਆ ਜਾਂਦਾ ਹੈ, ਦੋਇ ਹੱਥ ਝਾੜਿ ਖ਼ਾਲੀ ਹੀ ਚਲਿਆ ਜਾਂਦਾ ਹੈ ਅਤੇ ਲੱਖ ਚੌਰਾਸੀ ਜੂਨਾਂ ਵਿਚ ਭਉਂਦਾ ਫਿਰਦਾ ਹੈ। ਤਾਂ ਤੇ ਇਸ ਉਪਰਲੇ ਗੁਰਵਾਕ ਤੋਂ ਦ੍ਰਿੜ ਕਰ ਮੰਨਣ ਯੋਗ ਜੋ ਸਭ ਵਾਸਤਵਤਾਈਆਂ ਹਨ, ਉਹ ਇਹ ਹਨ ਜੋ ਅਵੱਸ਼ ਬੰਦੇ ਦੇ ਸਿਰ ਤੇ ਖੜੀਆਂ ਹਨ ਅਤੇ ਹੋ ਕੇ ਰਹਿਣਗੀਆਂ –

੧) ਅਗਲੀ ਦਰਗਾਹ ਹੈ।

੨) ਉਥੇ ਜਾਣਾ ਪਊ ਅਤੇ ਮਨਮੁਖਤਾ ਦਾ ਲੇਖਾ ਦੇਣਾ ਪਊ।

੩) ਉਥੇ ਮਿਲੀ ਸਜ਼ਾ ਜ਼ਰੂਰ ਭੁਗਤਣੀ ਪਉ।

੪) ਸਜ਼ਾ ਮਿਲੂ, ਟਲਣੀ ਨਹੀਂ।

੫) ਹਉਮੈ ਅਤੇ ਮਨਮੁਖਤਾ ਦੇ ਕਾਰਨ ਬਿਨਸਦੇ ਜਗਤ ਨੂੰ ਆਵਾ ਗਵਨ (ਮੁੜਿ ਮੁੜਿ ਜੰਮਣ ਮਰਨ) ਵਿਚ ਪੈਣਾ ਪਊ।

੬) ਆਵਾਗਵਨੀ (ਮੁੜ ਮੁੜਿ ਮਰਿ ਜਨਮਣੀ) ਅਸੂਲ ਗੁਰਮਤਿ ਦਾ ਮੰਨਿਆ ਦੰਨਿਆ ਸਤ-ਤਤਵੀ ਅਸੂਲ ਹੈ। ਇਹਨਾਂ ਅਸੂਲਾਂ ਤੋਂ ਸਿਰ ਫੇਰਨਾ ਗੁਰਸਿਖਾਂ ਦਾ ਧਰਮ ਨਹੀਂ, ਮਨਮੁਖਾਂ ਦੀ ਮਨਮੁਖਤਾ ਹੈ।

੭) ਇਹ ਸ਼ਬਦ ਤਿਨ੍ਹਾਂ ਦੇ ਸਿਰ ਤੇ ਖੜਾ ਹੈ ਜੋ ਗੁਰ-ਸ਼ਬਦ ਤੋਂ ਹੀਣੇ ਬੇਮੁਖ ਹਨ।

ਗੁਰੂ ਦੇ ਗੁਰਮੁਖਾਂ, ਸ਼ਬਦ-ਮਾਰਗੀ ਭਗਤ ਜਨਾਂ ਨੂੰ ਸਦਾ ਪੰਥੁ ਪਰਗਟਾ ਹੈ। ਪਰਗਟ ਪਾਹਾਰੇ, ਉਹ ਸਹਿਜ ਸੰਵਾਰੇ ਸ਼ਿੰਗਾਰੇ ਹੋਏ ਹਰਿ ਦਰਗਾਹ ਪੈਧੇ ਜਾਂਦੇ ਹਨ।

**'ਚਲਦਾ'**

# ਪੰਜ ਪਿਆਰੇ

*[ਗੁਰਪੁਰਵਾਸੀ ਪ੍ਰੋ. ਜੋਗਿੰਦਰ ਸਿੰਘ ਜੀ]*

ਗੁਰੂ-ਦ੍ਰਿਸ਼ਟੀ ਤੇ ਪੰਥਕ-ਦ੍ਰਿਸ਼ਟੀ ਵਿਚ 'ਪਿਆਰਾ' ਅਖਵਾਉਣ ਦਾ ਅਧਿਕਾਰ ਤੇ ਮਾਣ ਕੇਵਲ ਉਸ ਵਿਅਕਤੀ ਦਾ ਹੈ, ਜਿਸ ਨੇ ਮਨ ਤੇ ਤਨ 'ਗੁਰੂ' ਨੂੰ ਸਉਂਪ ਦਿੱਤਾ ਹੈ। ਮਨ ਤੇ ਤਨ ਗੁਰੂ ਨੂੰ ਸਉਂਪਣ ਦਾ ਭਾਵ ਹੈ ਕਿ ਮਨੁੱਖ ਨੇ ਮੈਂ-ਹਸਤੀ ਤੇ ਮੈਂ-ਹਸਤੀ ਨਾਲ ਜੁੜੀਆਂ ਸਾਰੀਆਂ ਸੰਸਾਰਕ ਤੇ ਪਸ਼ੂ ਬਿਰਤੀਆਂ ਨੂੰ ਝਟਕਾ ਕੇ, ਆਪਣੀ ਸ਼ੋਭਾ ਤੋਂ ਸ਼ਕਤੀ ਦਾ ਸਰੋਤ 'ਗੁਰੂ-ਪ੍ਰਮੇਸ਼ਰ' ਨੂੰ ਮੰਨ ਲਿਆ ਹੈ। ਮਨ ਤੇ ਤਨ ਦੀ ਸਾਰੀ ਕਿਰਿਆ ਸੰਸਾਰਕ ਤੇ ਮੋਹ-ਮਾਇਆ ਨਾਲ ਸ਼ਿੰਗਾਰੀ ਹੋਈ ਹੁੰਦੀ ਹੈ, ਤੇ ਗੁਰੂ ਪ੍ਰਮੇਸ਼ਰ ਦੀ ਕਿਰਿਆ ਅਧਿਆਤਮਿਕ ਅਤੇ ਮੋਹ-ਮਾਇਆ ਤੋਂ ਆਜ਼ਾਦ ਹੁੰਦੀ ਹੈ। ਮੋਹ-ਮਾਇਆ ਦੀ ਸੀਮਾ ਵਿਚ ਰਹਿ ਕੇ ਪਿਆਰ ਕਰਨ ਵਾਲਾ ਝੂਠੀ ਪ੍ਰੀਤ ਤਾਂ ਨਿਬਾਹ ਸਕਦਾ ਹੈ, ਦੁਨਿਆਵੀ-ਦ੍ਰਿਸ਼ਟੀ ਵਿਚ ਪਿਆਰਾ ਵੀ ਅਖਵਾ ਸਕਦਾ ਹੈ, ਪਰ ਜਿਸ ਨੂੰ ਗੁਰੂ-ਦ੍ਰਿਸ਼ਟੀ ਵਿਚ ਤੇ ਗੁਰੂ ਗੋਬਿੰਦ ਸਿੰਘ ਜੀ ਨੇ 'ਪਿਆਰਾ' ਹੋਣ ਦਾ ਮਾਣ ਪ੍ਰਦਾਨ ਕੀਤਾ ਹੈ, ਅਜਿਹਾ 'ਪਿਆਰਾ' ਹੋਣ ਦਾ ਅਧਿਕਾਰ ਉਸ ਨੂੰ ਕਦੀ ਵੀ ਪ੍ਰਾਪਤ ਨਹੀਂ ਹੁੰਦਾ ਅਤੇ ਨਾ ਹੀ ਹੋ ਸਕਦਾ ਹੈ।

ਗੁਰੂ-ਪਿਆਰਾ ਹੋਣ ਲਈ ਜ਼ਰੂਰੀ ਹੈ ਕਿ ਸੰਸਾਰੀ ਹਉਮੈ ਛੱਡ ਕੇ ਜੀਵਨ ਦੀ ਸਮੂਹ ਕ੍ਰਿਆ ਨੂੰ ਹੁਕਮ ਵਿਚ ਲਿਆਂਦਾ ਜਾਵੇ। ਗੁਰੂ-ਹੁਕਮ ਨੂੰ ਮੰਨਣਾ ਤੇ ਮੰਨ ਕੇ ਜੇ ਸੀਸ ਵੀ ਦੇਣਾ ਪੈ ਜਾਵੇ, ਤਾਂ 'ਸੀਸ' ਸਮਰਪਣ ਕਰ ਦੇਵੇ, ਤਾਂ ਨਿਸਚੇ ਹੀ ਅਜਿਹੇ ਮਨੁੱਖ ਨੂੰ 'ਪਿਆਰਾ' ਅਖਵਾਉਣ ਦਾ ਅਧਿਕਾਰ ਹੈ ਤੇ ਗੁਰੂ ਦੇ ਸਰੂਪ, ਸਵੈਮਾ ਸਾਹਿਬੀ ਨਾਲ ਆਪਣੇ ਆਪ ਨੂੰ ਸ਼ਿੰਗਾਰ ਕੇ ਜੀਉਣ ਦਾ ਅਨੰਦ ਵੀ ਹੈ। 'ਪਿਆਰੇ' ਦੀ ਪ੍ਰਤਿਭਾ-ਉਸਾਰੀ ਸਾਰੀ ਦੀ ਸਾਰੀ ਅੰਦਰੋਂ ਹੁੰਦੀ ਹੈ। ਸੰਸਾਰ ਵਿਚ ਵਿਚਰਦਿਆਂ ਵੀ ਪਾਠ-ਪੂਜਾ, ਸੇਵਾ-ਭਾਵ, ਆਪਾ-ਸਮਰਪਣ, ਮਿੱਠਾ-ਵਿਹਾਰ, ਉਤਮ-ਕਰਮ ਤੇ ਨਿਸ਼ਕਾਮ-ਆਦਰਸ਼ ਮਨੁੱਖ ਨੂੰ ਪਿਆਰਾ ਤੇ ਨਿਰਮਲ ਸਿਰਜਦੇ ਹਨ, ਪਰ ਅਜਿਹੀ ਰਹਿਣੀ ਵਿਚ ਵੀ ਅੰਦਰੋਂ ਨਿਰਮਲ ਤੇ ਅੰਮ੍ਰਿਤ ਹੋ ਸਕਣਾ 'ਪਿਆਰੇ' ਵਾਸਤੇ ਅਤਿ ਲਾਜ਼ਮੀ ਹੁੰਦਾ ਹੈ।

(੨)

ਸਿੱਖ ਇਤਿਹਾਸ ਵਿਚ ਤੇ ਗੁਰੂ ਪੰਥ ਵਿਚ ਜਿਨ੍ਹਾਂ ਸਿਰਲੱਥਾਂ ਨੂੰ ਪਹਿਲੀ ਵਾਰੀ 'ਪੰਜ-ਪਿਆਰੇ' ਆਖਿਆ ਗਿਆ ਸੀ, ਉਹਨਾਂ ਦੀ ਜੀਵਨ ਤੋਂ ਪ੍ਰਤਿਭਾ-ਉਸਾਰੀ ਸਾਰੀ ਦੀ ਸਾਰੀ ਗੁਰੂ-ਤਾਬਿਆ ਵਿਚ ਤੇ ਗੁਰੂ-ਉਪਦੇਸ਼ਾਂ ਅਨੁਸਾਰ ਹੋਈ ਸੀ। ਗੁਰੂ-ਤਾਬਿਆ ਦਾ ਭਾਵ ਇਹ ਨਹੀਂ ਕਿ ਹਰ ਵੇਲੇ ਸਰਗੁਣ ਸਰੂਪ ਗੁਰੂ ਨਾਲ ਜੁੜਿਆ ਰਹੇ। ਸਿੱਖ ਪੰਥ ਵਿਚ ਤਾਂ 'ਗੁਰੂ' ਦੀ ਹਸਤੀ-ਹੋਂਦ ਪ੍ਰਮੇਸ਼ਰ ਵਾਂਗ ਨਿਰੰਤਰ ਤੇ ਹਰ ਥਾਂ ਵਿਆਪਕ ਹੈ। 'ਗੁਰੂ' ਕੋਈ ਸਰੀਰ ਨਹੀਂ, ਗੁਰੂ ਤਾਂ ਇਕ ਜੋਤਿ ਗਿਆਨ, ਸ਼ਬਦ ਤੋਂ ਪ੍ਰਕਾਸ਼ ਹੈ। ਸ਼ਬਦ-ਗਿਆਨ-ਪ੍ਰਕਾਸ਼ ਨਾਲ ਦੇਸ਼ ਦੇ ਹਰ ਪ੍ਰਾਂਤ ਵਿਚ ਬੈਠ ਕੇ 'ਗੁਰੂ' ਨਾਲ ਜੁੜਿਆ ਵੀ ਜਾ ਸਕਦਾ ਹੈ ਤੇ ਗੁਰੂ-ਹੁਕਮਾਂ ਅਨੁਸਾਰ ਜੀਵਿਆ ਵੀ ਜਾ ਸਕਦਾ ਹੈ। 'ਪਿਆਰਾ' ਬਣਨ ਵਾਸਤੇ ਕੋਈ ਵਰਨ, ਜਾਤਿ, ਕੁਲ, ਪ੍ਰਾਂਤ, ਪੋਸ਼ਾਕ ਤੇ ਪੱਦਵੀ ਸਹਾਇਕ ਨਹੀਂ ਹੁੰਦੀ, ਹਾਂ ਗੁਰੂ-ਹੁਕਮਾਂ ਅਨੁਸਾਰ ਆਪਣੇ ਆਪ ਨੂੰ ਸਿਰਜ ਲੈਣਾ ਤੇ ਲੋੜ ਪੈਣ ਉਤੇ ਜੇ 'ਗੁਰੂ' ਸੀਸ ਮੰਗੇ, ਤਾਂ ਬਿਨਾਂ ਕਿਸੇ ਕਿੰਤੂ-ਪ੍ਰਸ਼ਨ ਦੇ 'ਸੀਸ' ਗੁਰੂ ਸਨਮੁਖ ਹਾਜ਼ਰ ਕਰ ਦੇਣਾ, ਨਿਸ਼ਚੇ ਹੀ 'ਪਿਆਰਾ' ਹੋਣ ਦਾ ਵਰ-ਵਰਦਾਨ ਪ੍ਰਾਪਤ ਕਰਨਾ ਹੈ। ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਰਾਇ, ਭਾਈ ਮੋਹਕਮ ਚੰਦ ਤੇ ਭਾਈ ਸਾਹਿਬ ਚੰਦ ਜੀ, ਇਹ ਪੰਜੇ ਸਿਰਲੱਥ ਵੱਖ ਵੱਖਰੇ ਪ੍ਰਾਂਤਾਂ ਦੇ ਜੰਮ-ਪਲ ਸਨ। ਇਨ੍ਹਾਂ ਦੇ ਵਰਨ, ਜਾਤਿ, ਕੁਲ ਤੇ ਕਿੱਤੇ ਵੀ ਵੱਖੋ ਵਖਰੇ ਸਨ, ਪਰ ਜਿਥੇ ਵੀ ਸਨ, ਗੁਰੂ ਨਾਲ ਅੰਦਰੋਂ ਬਾਹਰੋਂ ਜੁੜੇ ਹੋਏ ਸਨ, ਗੁਰੂ-ਬਾਣੀ ਦਾ ਪਾਠ ਕਰਦੇ ਸਨ, ਗੁਰੂ-ਹੁਕਮਾਂ ਨੂੰ ਜੀਵਨ ਦੀ ਸਮੁੱਚੀ ਕ੍ਰਿਆ ਵਿਚ ਸਤਿ ਸਵੀਕਾਰ ਕਰ ਕੇ ਸੇਵਾ-ਪਰਉਪਕਾਰ ਨਮਿੱਤ ਜਿੱਥੇ ਉਤਮ ਕਰਮ ਕਰਦੇ ਸਨ,

ਉਥੇ ਆਪਾ-ਸਮਰਪਣ ਵਿਚ ਵੀ ਸਦਾ ਤੱਤਪਰ ਰਹਿੰਦੇ ਸਨ।

### (੩)

੧੬੯੯ ਦੀ ਵੈਸਾਖੀ-ਪੁਰਬ ਲਈ ਜਦੋਂ ਦਸਮ ਪਾਤਸ਼ਾਹ ਵਲੋਂ, ਅਨੰਦਪੁਰ ਸਾਹਿਬ ਪਹੁੰਚਣ ਲਈ ਸਰਬੱਤ ਸਿੱਖਾਂ ਨੂੰ ਸੰਦੇਸ਼ ਮਿਲੇ, ਤਾਂ ਇਤਿਹਾਸਕਾਰਾਂ ਅਨੁਸਾਰ ੮੦,੦੦੦ ਸਿੱਖ ਗੁਰੂ-ਹੁਕਮ ਮੰਨ ਕੇ ਅਨੰਦਪੁਰ ਸਾਹਿਬ ਪਹੁੰਚੇ ਸਨ। ਇਸੇ ਵੈਸਾਖੀ-ਪੁਰਬ ਉਤੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਧੂਹ ਕੇ ਕਿਸੇ ਵੱਡੇ ਆਦਰਸ਼ ਦੀ ਸਿਰਜਨਾ ਲਈ ਪੰਜ ਸੀਸ ਮੰਗੇ ਸਨ। ਸੀਸ-ਮੰਗ ਦੀ ਕ੍ਰਿਆ ਵੇਲੇ ਕਈਆਂ ਗੁਰਸਿੱਖਾਂ ਦੇ ਹਿਰਦਿਆਂ ਵਿਚੋਂ ਕਿੰਤੂ-ਪ੍ਰਸ਼ਨ ਦੇ ਭਰਮ ਉਪਜੇ ਸਨ। ਕਿੰਤੂ-ਪ੍ਰਸ਼ਨ ਵਾਲਾ ਸਿੱਖ ਤਾਂ ਹੋ ਸਕਦਾ ਹੈ, ਪਰ ਭਰਮ-ਬੱਧਾ ਸਿੱਖ ਕਦੀ 'ਪਿਆਰਾ ਨਹੀਂ ਹੋ ਸਕਦਾ। ਪਿਆਰਾ ਬਣਨ ਵਾਸਤੇ ਜੋ ਵੀ ਗੁਰੂ-ਹੁਕਮ ਹੈ, ਉਹ ਖਿੜੇ ਮੱਥੇ ਸਵੀਕਾਰ"ਕਰਨਾ ਪੈਂਦਾ ਹੈ। ਭਰਮ-ਬੱਧਾ ਵਿਅਕਤੀ ਗੁਰੂ-ਹੁਕਮ ਉਤੇ ਵੀ ਕਿੰਤੂ-ਪ੍ਰਸ਼ਨ ਕਰਦਾ ਹੈ। ਇਹੀ ਕਾਰਨ ਹੈ ਕਿ ਜਦੋਂ ਦਸਮ ਪਾਤਸ਼ਾਹ ਨੇ ਇਕ ਸੀਸ ਮੰਗਿਆ, ਤਾਂ ਗੁਰੂ-ਹੁਕਮ ਉਤੇ ਆਪਣਾ ਤਨ ਮਨ (ਆਪਾ ਸੀਸ ਵੀ) ਕੁਰਬਾਨ ਕਰਨ ਵਾਲਾ ਇਕ ਗੁਰਸਿੱਖ ਭਾਈ 'ਦਇਆ ਰਾਮ' ਉਠਿਆ ਤੇ ਗੁਰੂ ਸਨਮੁਖ ਖੜਾ ਹੋ ਕੇ ਕਹਿਣ ਲੱਗਾ, 'ਮੇਰਾ ਸੀਸ ਹਾਜ਼ਰ ਹੈ। ਸੱਨਾਟਾ ਭਾਵੇਂ ਸਾਰੇ ਪੰਡਾਲ ਵਿਚ ਵਿਆਪਕ ਸੀ, ਪਰ ਵਾਰੀ ਵਾਰੀ ਚਾਰ ਸੀਸ ਮੰਗਣ ਦਾ ਹੁਕਮ-ਐਲਾਨ ਦਸਮ ਪਾਤਸ਼ਾਹ ਨੇ ਹੋਰ ਕੀਤਾ। ਦੂਸਰੇ ਹੁਕਮ ਐਲਾਨ ਉਤੇ ਭਾਈ ਧਰਮਦਾਸ ਨੇ ਆਪਣਾ ਸੀਸ ਭੇਟ ਕੀਤਾ, ਤੀਸਰੇ ਹੁਕਮ-ਐਲਾਨ ਉਤੇ ਭਾਈ ਹਿੰਮਤ ਰਾਇ ਨੇ ਆਪਣੇ ਆਪ ਨੂੰ ਪੇਸ਼ ਕੀਤਾ, ਚੌਥੇ ਹੁਕਮ-ਐਲਾਨ ਨੂੰ ਸੁਣਦਿਆਂ ਹੀ ਭਾਈ ਮੋਹਕਮ ਚੰਦ ਜੀ ਨੇ ਆਪਣਾ ਸੀਸ ਸਮਰਪਣ ਕਰ ਦਿੱਤਾ। ਜਦੋਂ ਪੰਜਵੀਂ ਵਾਰੀ ਸੀਸ ਮੰਗਿਆ, ਤਾਂ ਭਾਈ ਸਾਹਿਬ ਚੰਦ ਜੀ ਨੇ ਸੀਸ ਦਿੱਤਾ। ਜਦੋਂ ਇਹਨਾਂ ਪਰਵਾਨ ਪੰਜਾਂ ਸਿੱਖਾਂ ਦਾ ਇਤਿਹਾਸ-ਪਿਛਵਾੜਾ ਵਾਚਿਆ ਗਿਆ, ਤਾਂ ਸਹਿਜੇ ਹੀ ਸਪੱਸ਼ਟ ਹੋ ਗਿਆ ਕਿ ਇਹ 'ਪੰਜੇ' ਹੁਕਮ ਮੰਨ ਕੇ ਸੀਸ ਦੇਣ ਵਾਲੇ ਸਿੱਖ ਪੂਰੇ ਭਾਰਤ ਦੀ ਪ੍ਰਤੀਨਿੱਧਤਾ ਕਰਦੇ ਹਨ। ਭਾਈ ਦਇਆ ਰਾਮ ਲਾਹੌਰ ਦਾ ਵਾਸੀ ਹੈ, ਭਾਈ ਧਰਮ ਦਾਸ ਦਿੱਲੀ ਦਾ ਨਿਵਾਸੀ ਹੈ, ਭਾਈ ਹਿੰਮਤ ਰਾਇ ਜਗਨਨਾਥ ਪੁਰੀ ਦਾ ਹੈ, ਭਾਈ ਮੋਹਕਮ ਚੰਦ ਦੁਆਰਕਾ ਦਾ ਤੇ ਭਾਈ ਸਾਹਿਬ ਚੰਦ ਬਿੱਦਰ ਦਾ ਹੈ। ਗੁਰੂ-ਹੁਕਮਾਂ ਉਤੇ ਸੀਸ ਭੇਟ ਕਰਨੇ ਭਾਵੇਂ ਇਕ ਬੜੀ ਅਦੁੱਤੀ ਤੇ ਕਠਿਨ ਖੇਡ ਸੀ, ਪਰ ਜਿਨ੍ਹਾਂ ਨੇ ਤਨ-ਮਨ ਦੀ ਪਕੜ ਤੋਂ ਆਜ਼ਾਦ ਹੋ ਕੇ, ਆਪਣੇ ਆਪ ਨੂੰ ਕਠਿਨ ਖੇਡ ਵਿਚ ਪਾਇਆ, ਦਸਮ ਪਾਤਸ਼ਾਹ ਨੇ ਉਹਨਾਂ ਨੂੰ ਅੰਮ੍ਰਿਤ ਵੀ ਪ੍ਰਦਾਨ ਕੀਤਾ, ਖਾਲਸਈ ਸਰੂਪ ਵਿਚ ਵੀ ਸਜਾਇਆ, ਆਪਣੀ ਸ਼ੋਭਾ-ਸ਼ੀਲਾ ਤੇ ਸ਼ਕਤੀ-ਤੇਜ਼ ਦਾ ਵਾਰਿਸ ਵੀ ਠਹਿਰਾਇਆ ਤੇ ਅਖ਼ੀਰ ਇਹਨਾਂ ਪੰਜਾਂ ਸਿੱਖਾਂ ਨੂੰ 'ਪਿਆਰੇ' ਦੀ ਪੱਦਵੀ ਪ੍ਰਦਾਨ ਕਰਕੇ ਜਿਥੇ ਗੁਰੂ ਤੇ ਪੰਥਕ ਸ਼ਕਤੀ ਦਾ ਮੁਖ ਅਧਿਕਾਰੀ ਥਾਪ ਦਿੱਤਾ, ਉਥੇ ਪੰਜਾਂ ਪਿਆਰਿਆਂ ਨੂੰ 'ਸਿੰਘ' ਦੀ ਉਪਮਾ ਨਾਲ ਸ਼ਿੰਗਾਰ ਕੇ ਪੰਜਾਂ ਵਿਚ ਗੁਰ-ਪ੍ਰਮੇਸ਼ਰ ਦੀ ਏਕਤਾ-ਸ਼ਕਤੀ ਨੂੰ ਸੰਚਾਰ ਕੇ, ਸਦਾ ਲਈ ਸਿੱਖ ਇਤਿਹਾਸ ਵਿਚ, ਜਾਤਿ ਦੇ ਰੂਪ ਵਿਚ ਨਹੀਂ, ਪੰਥਕ ਜਮਾਤ ਦੇ ਸਰੂਪ ਵਿਚ ਜ਼ਿੰਦਾ ਕਰ ਦਿੱਤਾ ਹੈ।

### (੪)

ਹਜ਼ਾਰਾਂ ਵਿਚੋਂ ਪੰਜਾਂ ਪਿਆਰਿਆਂ ਦੀ ਚੋਣ ਦਾ ਇਕ ਭਾਵ ਇਹ ਸੀ, ਕਿ ਗੁਰੂ-ਘਰ ਵਿਚ ਇਕ-ਪੁਰਖੀ ਰਾਜ-ਸ਼ਕਤੀ ਦਾ ਸੰਕਲਪ ਪਰਵਾਨ ਨਹੀਂ। ਭਾਰਤੀ ਰਾਜ-ਸ਼ਕਤੀ ਦੀ ਪਰੰਪਰਾ ਲਗ ਪਗ ਇਕ-ਪੁਰਖੀ ਹੀ ਰਹੀ ਹੈ। ਇਕ-ਪੁਰਖੀ ਰਾਜ ਤੋਂ ਰਾਜੇ ਕਾਰਨ ਹੀ ਭਾਰਤੀ ਮਨੁੱਖਤਾ ਕੂੜ, ਮੋਹ, ਭੈ ਤੇ ਗ਼ੁਲਾਮੀ ਦੇ ਬੰਧਨ ਵਿਚ ਜਕੜੀ ਰਹੀ ਤੇ ਬਲਹੀਣ ਹੋ ਕੇ ਹਾਕਮਾਂ ਦਾ ਜ਼ੁਲਮ ਸਹਿੰਦੀ ਰਹੀ। ਦੂਸਰਾ ਗੁਰੂ-ਜੋਤਿ ਨੇ ਪੰਜਾਂ ਵਿਚ ਪ੍ਰਮੇਸ਼ਰ-ਸ਼ਕਤੀ ਨੂੰ ਸੰਚਾਰ ਕੇ ਜਿਥੇ ਇਕ-ਪੁਰਖੀ ਸ਼ਕਤੀ ਦੇ ਸਿਧਾਂਤ ਨੂੰ ਰੱਦ ਕੀਤਾ, ਉਥੇ ਉਹਨਾਂ ਨੇ ਪ੍ਰਮੇਸ਼ਰ-ਗੁਰੂ-ਸ਼ਕਤੀ ਨੂੰ ਪੰਜਾਂ ਵਿਚ, ਖ਼ਾਸ ਕਰਕੇ ਪੰਜਾਂ ਪਿਆਰਿਆਂ ਵਿਚ ਮੰਨ ਕੇ ਸਪੱਸ਼ਟ ਕਰ ਦਿੱਤਾ ਕਿ 'ਗੁਰੂ-ਸ਼ਕਤੀ' ਪੰਜਾਂ ਵਿਚ ਤੇ ਵਿਸ਼ੇਸ਼ ਤੌਰ ਤੇ ਪੰਜਾਂ ਪਿਆਰਿਆਂ ਦੁਆਰਾ ਹੀ ਪੂਰੀ ਤਰ੍ਹਾਂ ਪ੍ਰਗਟ ਤੇ ਉਜਾਗਰ ਹੋ ਸਕਦੀ ਹੈ। ਇਸੇ ਕਰਕੇ ਪੰਜਾਂ ਪਿਆਰਿਆਂ ਨੂੰ 'ਪੰਥ' ਦੇ ਰੂਪ ਵਿਚ ਜੋ ਮਾਨਤਾ ਪ੍ਰਾਪਤ ਹੋਈ ਹੈ, ਉਸ ਨੂੰ ਪਿਛਲੇ ਤਿੰਨ ਸੌ ਸਾਲਾਂ ਤੋਂ ਸਿੱਖ-ਜਗਤ ਸਵੀਕਾਰ ਕਰ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਇਹਨਾਂ ਪੰਜਾਂ ਪਿਆਰਿਆਂ ਨੂੰ ਗੁਰੂ-ਪੱਦਵੀ ਪ੍ਰਦਾਨ ਕਰਕੇ ਤੇ ਇਹਨਾਂ ਹਥੋਂ ਅੰਮ੍ਰਿਤ ਛੱਕ ਕੇ ਆਪਣੇ ਜੀਵਨ ਵਿਚ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਪੰਜ ਪਿਆਰੇ 'ਗੁਰੂ' ਹਨ ਤੇ ਗੁਰੂ 'ਪੰਜਾਂ ਪਿਆਰਿਆਂ' ਵਿਚ ਨਿਵਾਸ ਰਖਦਾ ਹੈ। ਪੰਜਾਂ ਪਿਆਰਿਆਂ ਵਾਸਤੇ ਭੋਗ ਪਿਛੋਂ ਪ੍ਰਸ਼ਾਦ ਕਢਣਾ, ਪੰਜ ਪਿਆਰਿਆਂ ਨੂੰ ਨਗਰ-ਕੀਰਤਨਾਂ ਵੇਲੇ ਪ੍ਰਥੱਮ ਸਥਾਨ ਦੇਣਾ, ਸਿੱਖੀ ਝਗੜਿਆਂ ਨੂੰ ਨਿਬੇੜਨ ਵੇਲੇ ਪੰਜਾਂ ਪਿਆਰਿਆਂ ਨੂੰ ਗੁਰੂ ਦੇ ਰੂਪ ਵਿਚ ਸਵੀਕਾਰ ਕਰ ਲੈਣਾ, ਪੰਜਾਂ ਪਿਆਰਿਆਂ ਦੇ ਹੁਕਮ ਅਗੇ ਸੀਸ ਨਿਵਾ ਦੇਣਾ, ਇਹ ਸਾਰੇ ਕਰਮ ਪੰਜਾਂ

***(ਬਾਕੀ ਪੰਨਾ 13 'ਤੇ)***

# ਵੈਸਾਖੀ ਸਮੇਂ ਦਸਮੇਸ਼ ਜੀ ਦਾ ਪੈਗ਼ਾਮ

*[ਭਾਈ ਅਤਰ ਸਿੰਘ ਜੀ 'ਨੀਰ']*

ਸਾਜਿਆ ਖਾਲਸਾ ਤਾਂ ਕਲਗੀਧਰ ਦਾਤਾ, ਉਚੀ ਬੋਲਿਆ ਬੜੇ ਜਲਾਲ ਦੇ ਵਿਚ।
ਮੇਰੇ ਪ੍ਰਭੂ ਨੇ ਦਿਤਾ ਏ ਹੁਕਮ ਮੈਨੂੰ, ਰਖਣਾ ਸਦਾ ਭਰੋਸਾ ਅਕਾਲ ਦੇ ਵਿਚ।
ਧਰਮ ਪਾਲਣਾ ਸੰਤ ਸਹਾਈ ਬਣਨਾ, ਜੱੜ੍ਹ ਦੁਸ਼ਟਾਂ ਦੀ ਰੋੜ੍ਹਨੀ ਝਾਲ ਦੇ ਵਿਚ।

ਇਸ ਵਾਸਤੇ ਹਰ ਕਿਸਮ ਦੀ ਕੁਲ ਸ਼ਕਤੀ, ਪ੍ਰਭੂ ਦਿਆਲ ਜੀ ਕੋਲੋਂ ਆਪ ਮਾਣਦਾ ਮੈਂ।
ਦੇਵੀ ਦੇਵਤੇ ਨਹੀਂ ਪਛਾਣਦਾ ਮੈਂ, ਨ ਹੀ ਰਾਮ ਰਹੀਮ ਨੂੰ ਜਾਣਦਾ ਮੈਂ।

ਉਨ੍ਹਾਂ ਲੋਕਾਂ ਚੋਂ ਬਣਨੀ ਹੈ ਫੌਜ ਮੇਰੀ, ਉਚੀ ਜ਼ਾਤ ਕੁਲ ਜਿਨ੍ਹਾਂ ਦੁਰਕਾਰਦੀ ਏ।
ਚਿੱਟੀ ਚਮੜੀ ਜਿਨ੍ਹਾਂ ਨੂੰ ਨਾਲ ਨਫ਼ਰਤ, ਨੀਚ ਨੀਚ ਤੇ ਸ਼ੂਦਰ ਪੁਕਾਰਦੀ ਏ।
ਮੇਰੀ ਫ਼ੌਜ ਗਰੀਬ ਨਿਮਾਣਿਆਂ ਦੀ, ਬਣਨੀ ਸਿਰਮੌਰ ਸਰਦਾਰ ਸੰਸਾਰ ਦੀ ਏ।
ਚਿੜੀਆਂ ਮੇਰੀਆਂ ਚੁਗਣਗੀਆਂ ਰਾਜ ਜ਼ੁਲਮੀ, ਧੁਨੀ ਉਠਣੀ ਧਰਮ ਜੈ ਜੈਕਾਰ ਦੀ ਏ।

ਦੇਣੀ ਵਰਦੀ ਅਜਿਹੀ ਮੈਂ ਇਨ੍ਹਾਂ ਤਾਈਂ, ਹੋਵੇ ਸਾਰੇ ਸੰਸਾਰ ਤੋਂ ਅਡਰੀ ਜੋ।
ਉਤਾਰੀ ਜਾਏ ਨ ਕਦੇ ਵੀ ਕਿਸੇ ਕੋਲੋਂ, ਨਾ ਹੀ ਛਿਜੇ ਤੇ ਹੋਏ ਨ ਡਡਰੀ ਜੋ।

ਮੈਂ ਭੇਡਾਂ ਦੇ ਇਜੜ ਵਧਾਵਣੇ ਨਹੀਂ, ਮੈਂ ਪੈਦਾ ਹਨ ਗੇ ਬੱਬਰ ਸ਼ੇਰ ਕਰਨੇ।
ਮੈਂ ਰੋੜੇ ਰੁਕੜੇ ਐਵੇਂ ਖਿਲਾਰਨੇ ਨਹੀਂ, ਹਰ ਤਰਫ਼ ਹਨ ਖੜੇ ਸੁਮੇਰ ਕਰਨੇ।
ਜੋਧੇ ਐਸੇ ਬਣਾਵਣੇ ਜੱਗ ਅੰਦਰ, ਜਿਨ੍ਹਾਂ ਜ਼ਾਲਮ ਅਨਿਆਈ ਸਭ ਜ਼ੇਰ ਕਰਨੇ।
ਭਰਮ ਕਢਣੇ ਤੇ ਮੈਂ ਦੇ ਸਭ, ਕੋਈ ਵਿਤਕਰੇ ਨ ਤੋਰ ਮੋਰ ਕਰਨੇ।

ਧਾਰਨੀ ਬੀਰ ਮੇਰੇ ਰੋਸ਼ਨ ਸ਼ਸਤਰਾਂ ਦੇ, ਜੋ ਕਿ ਵਰਤਣਗੇ ਜ਼ੁਲਮ ਦੇ ਖ਼ਿਲਾਫ਼ ਸਾਰੇ।
ਮੇਰੇ ਸੱਚੇ ਇਹ ਸੰਤ ਸਿਪਾਹੀ ਹੋਸਨ, ਦੂਈ ਦਵੈਤ ਤੋਂ ਪਾਕ ਤੇ ਸਾਫ਼ ਸਾਰੇ।

ਰਖੋ ਯਾਦ ਕਿ ਅਣਖ ਹੀ ਜ਼ਿੰਦਗੀ ਏ, ਬੇ-ਅਣਖੀ ਦਾ ਜੀਣਾ ਨਹੀਂ ਜੀਣ ਕੋਈ।
ਖੁਲ੍ਹੇ ਡੁੱਲ੍ਹੇ ਪਏ ਵਿਚਰੋ ਜੱਗ ਅੰਦਰ, ਤੁਹਾਨੂੰ ਤਕੇ ਨ ਅੱਖ ਮਲੀਨ ਕੋਈ।
ਉੱਤਮ ਦੇਸ਼ ਤੇ ਕੌਮ ਦੀ ਰੱਖਿਆ ਏ, ਇਧਰ ਝਾਕੇ ਨ ਅੱਖ ਮਾੜਾ ਕਮੀਨ ਕੋਈ।
ਤਰਸ ਕਰੋ, ਲੋਕਾਂ 'ਚ ਪਿਆਰ ਵੰਡੋਂ, ਤੁਹਾਨੂੰ ਪਿਆਰ ਦੇਸੀ ਰੱਬ ਪਰਬੀਨ ਕੋਈ।

ਤੁਹਾਡੀ ਵਰਦੀ ਦੇ ਨਾਲ ਹੀ ਯਾਦ ਰਖੋ, ਮਨ ਚੜ੍ਹਦੀ ਕਲਾ ਅੰਦਰ ਚਮਕਾਂ ਮਾਰਦਾ ਏ।
ਬਣੋ ਬਹਾਦਰ ਪਰ ਵਿਖਾਵਾ ਨ ਮੂਲ ਹੋਵੇ, ਵਿਖਾਵਾ ਅਸਲ ਅਸਲੀਅਤ ਵਿਗਾੜਦਾ ਏ।

ਤੁਹਾਨੂੰ ਸਾਜਿਆ ਏ ਮਲ ਰਹਿਤ ਪੂਰਨ, ਮਨ ਬਚਨ ਕਰਮ ਤੁਹਾਡਾ ਸੱਚ ਤੋਂ ਸੁਚ ਹੋਵੇ।
ਜਾਗਤ ਜੋਤ ਦੇ ਵਿਚ ਵਿਸ਼ਵਾਸ ਪੱਕਾ, ਮੜ੍ਹੀਆਂ ਮੱਠ ਵਲ ਭੁਲ ਕੇ ਨਾ ਰੁਚ ਹੋਵੇ।
ਅੰਮ੍ਰਿਤ ਬਾਟੇ ਦਾ, ਬਾਣੀ ਦਾ ਰੱਸ ਲੈ ਕੇ, ਸਰੀਰ ਬਲਵਾਨ ਤੇ ਬੁਧੀ ਉਚ ਹੋਵੇ
ਪੰਜਾਂ ਪਿਆਰਿਆਂ ਦੇ ਵਿਚ ਮੈਂ ਆਪ ਹੋਸਾਂ, ਜਿਵੇਂ ਸਾਗਰ ਤੇ ਬੂੰਦ ਸਮੁਚ ਹੋਵੇ।

ਫਤਹ ਸਦਾ ਹੀ ਚੁੰਮੇਗੀ ਪੈਰ ਆ ਕੇ, ਰਖਣਾ ਸੰਭਾਲ ਕੇ ਮੇਰਾ ਸਰੂਪ ਸਿੰਘੋ।
ਤੁਸੀਂ ਮੇਰੇ ਤੋਂ 'ਨੀਰ' ਮੈਂ ਤੁਸਾਂ ਦਾ ਹਾਂ, ਮੈਂ ਤੇ ਖਾਲਸਾ ਹਾਂ ਇਕੋ ਰੂਪ ਸਿੰਘੋ।

# ਪੰਜ ਪਿਆਰਿਆਂ ਰਾਹੀਂ ਦਿਤਾ ਨਾਮ ਹੀ ਫਲੀਭੂਤ ਹੁੰਦਾ ਹੈ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਸਤਿਗੁਰੂ ਸੱਚੇ ਦੇ ਪਾਸੋਂ ਸਿਮਰਨ ਦੀ ਦਾਤਿ ਪ੍ਰਾਪਤ ਕਰ ਕੇ ਸਿਖਾਂ ਪਾਸੋਂ ਕੋਈ ਲੇਖਾ ਨਹੀਂ ਮੰਗ ਸਕਦਾ, ਕਿਉਂਕਿ ਸਤਿਗੁਰੂ ਪਾਸੋਂ ਹੀ ਪ੍ਰਾਪਤ ਹੋਈ ਸਿਮਰਨ-ਦਾਤਿ ਸਫ਼ਲ ਕਮਾਈ ਵਾਲੀ ਅਤੇ ਪੂਰੀ ਹੋ ਕੇ ਉਤਰਦੀ ਹੈ। ਸਿਮਰਨ ਦੀ ਦਾਤਿ ਰੂਪੀ ਸੱਚੀ ਵੱਥ ਕੇਵਲ ਗੁਰੂ ਘਰ ਵਿਖੇ ਹੀ ਹੈ। ਗੁਰੂ ਤੋਂ ਬਾਹਰ ਤਾਂ ਇਹ ਸੱਚੀ ਵੱਥ ਉੱਕੀ ਹੈ ਭੀ ਨਹੀਂ। ਗੁਰੂ ਘਰ ਤੋਂ ਬਾਹਰਲੇ ਅਤੇ ਗੁਰਮਤਿ ਤੋਂ ਘੁੱਥੇ ਹੋਏ ਭੇਖੀ ਗੁਰੂ ਦੇ ਹੱਥ ਪੱਲੇ ਤਾਂ ਇਹ ਵੱਥ ਨਮੂਦ ਮਾਤਰ ਭੀ ਹੈ ਨਹੀਂ। ਗੁਰੂ ਘਰ ਦੇ ਅੰਦਰ ਭੀ ਇਸ ਵੱਥ ਦਾ ਸੱਚਾ ਭੰਡਾਰੀ-ਦਾਤਾ ਕੇਵਲ ਸਤਿਗੁਰੂ ਹੈ। ਜੋ ਸਤਿਗੁਰੂ ਤੋਂ ਇਸ ਸੱਚੀ ਵੱਥ ਦੀ ਦਾਤਿ ਪਾਉਂਦੇ ਹਨ, ਸੋ ਰੱਜ ਖਾਂਦੇ ਹਨ। ਜੋ ਮੰਗਤੇ ਪਾਸੋਂ ਲੈ ਕੇ ਖਾਂਦੇ ਹਨ ਸੋ ਅਧੂਰੇ, ਅਧ-ਭੁਖੇ ਯਾ ਭੁਖੇ ਅਤੇ ਉਰੇ ਹੀ ਰਹਿ ਜਾਂਦੇ ਹਨ। ਤਨਕ ਮਾਤਰ ਕੁਛ ਪਾਉਂਦੇ ਹਨ ਤਾਂ ਪਾਰ ਨਹੀਂ ਵਸਾਉਂਦੇ। ਪੂਰੇ ਦਾਤਾਰ ਸਤਿਗੁਰੂ ਪਾਸੋਂ ਪਾਈ ਸਿਮਰਨ-ਮਈ ਦਾਤਿ-ਇਲਾਹੀ ਪੂਰੀ ਉਤਰਦੀ ਹੈ।

ਪੂਰੇ ਸਤਿਗੁਰੂ ਦੀ ਗੁਰੱਤ-ਕਲਾ-ਸ਼ਕਤੀ ਪੰਜਾਂ ਗੁਰਮੁਖ ਸਿਖਾਂ ਦੇ ਪੂਰ ਪੁੰਜ ਵਿਚ ਹੀ ਪੂਰੀ ਵਰਤਦੀ ਹੈ। ਗੁਰੂ ਪਰਮੇਸ਼ਰੀ ਵਾਰਦ ਹੋਈ ਪ੍ਰਵੇਸ਼ ਹੋਈ ਸ਼ਕਤਿ ਪੰਜ ਪਰਵਾਨ ਜਨਾਂ ਅੰਦਰ ਹੀ ਹੂਬਹੂ ਗੁਰੂ ਸਾਰਖੀ ਵਰਤਦੀ ਹੈ। ਯਥਾ ਵਾਕ ਸ੍ਰੀ ਭਾਈ ਗੁਰਦਾਸ ਜੀ ਸਾਹਿਬ -

*ਇਕ ਸਿਖ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ॥੨੦॥*
*(ਵਾਰ ੧੩)*

ਭਾਵ, ਇਕ ਇਕੱਲਾ ਸਿਖ ਤਾਂ ਸਿਖ ਰੂਪ ਹੀ ਹੈ। ਦੋ ਸਿਖ ਜੁੜਨ ਕਰਿ ਸਤਿਸੰਗ ਦਾ ਰੰਗ ਬਣ ਆਉਂਦਾ ਹੈ ਅਤੇ ਪੰਜਾਂ ਸਿਖਾਂ ਪਾਸ ਪਰਮੇਸ਼ਰ ਵਰਤਦਾ ਹੈ।

ਤਾਂ ਤੇ ਅੰਮ੍ਰਿਤ ਪ੍ਰਚਾਰ ਸਮੇਂ ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜਾਂ ਗੁਰਮੁਖ ਪਿਆਰਿਆਂ ਦੁਆਰਾ ਅੰਮ੍ਰਿਤ-ਦਾਤਿ (ਸਿਮਰਨ-ਦਾਤਿ) ਪ੍ਰਾਪਤ ਕੀਤਿਆਂ ਹੀ ਪੂਰੀ ਗੁਰ-ਪਰਮੇਸ਼ਰੀ ਕਲਾ ਵਰਤਦੀ ਹੈ। ਇਕ ਇਕੱਲਾ ਸਿੱਖ ਜੋ ਸਿਮਰਨ-ਦਾਤਾ ਬਣ ਬਹਿੰਦਾ ਹੈ, ਉਸ ਤੋਂ ਪ੍ਰਾਪਤ ਹੋਈ ਸਿਮਰਨ-ਦਾਤਿ ਅੰਦਰ ਗੁਰੂ ਦੀ ਪੂਰਨ ਕਲਾ ਵਰਤਦੀ ਹੀ ਨਹੀਂ, ਨਾ ਹੀ ਵਰਤ ਸਕਦੀ ਹੈ। ਸਿਮਰਨ-ਦਾਤਿ ਦੇ ਅਖੁਟ ਖਜ਼ਾਨੇ ਦੇਣ ਦੇ ਮਾਲਕ ਗੁਰੂ ਸੱਚੇ ਸਾਹਿਬ ਦੇ ਹਜ਼ੂਰੀਏ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਪੰਚ ਪਰਵਾਨ ਜਨ ਹੀ ਹੋ ਸਕਦੇ ਹਨ ਅਤੇ ਸੋਈ ਇਸ ਸਿਮਰਨ-ਦਾਤਿ ਨੂੰ ਵਰਤਾ ਸਕਦੇ ਹਨ ਅਤੇ ਨਾਮ ਅਭਿਆਸ ਦ੍ਰਿੜਾ ਸਕਦੇ ਹਨ। ਇਕ ਨੂੰ ਹਰਗਿਜ਼ ਇਹ ਅਖ਼ਤਿਆਰ ਅਧਿਕਾਰ ਨਹੀਂ, ਸਿਮਰਨ-ਦਾਤਿ ਦੇ ਦੇਣ ਦਾ। ਜੇ ਉਹ ਦਿੰਦਾ ਹੈ ਤਾਂ ਮਨਮਤਿ ਕਰਦਾ ਹੈ।

ਸਤਿਗੁਰੂ ਨਾਮ ਦੇ ਪੂਰਨ ਭੰਡਾਰੀ ਹੋਣ ਦੀ ਪ੍ਰੋੜਤਾ ਪ੍ਰਥਾਇ ਹੋਰ ਭੀ ਅਨੇਕ ਗੁਰ-ਪ੍ਰਮਾਣ ਹਨ, ਪਰ ਉਦਾਹਰਨ ਵਜੋਂ ਵੰਨਗੀ ਮਾਤਰ ਹੀ ਪ੍ਰਮਾਣ ਦੇਣ ਦੀ ਇਥੇ ਲੋੜ ਹੈ। ਯਥਾ ਗੁਰਵਾਕ -

*ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ॥*
*ਸਤਿਗੁਰੂ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ॥*
*ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ॥੩॥੧੯॥੮੯॥*
*ਅੰਗ - ੪੯*

ਤਾਂ ਤੇ ਸਿਮਰਨ-ਦਾਤੇ ਸਤਿਗੁਰੂ ਦਾ ਹੀ ਸਿਮਰਨ-ਦਾਤਿ-ਭੰਡਾਰ ਪੂਰਾ ਹੈ, ਹੋਰ ਸਭ ਭੰਡਾਰੇ ਇਸ ਦਾਤਿ ਖੁਣੋਂ ਉਰੇ ਹਨ। ਤਾਂ ਤੇ ਸਿਮਰਨ ਅਕਾਂਖੀ ਜਗਿਆਸੂ ਨੂੰ ਸਤਿਗੁਰੂ ਸੱਚੇ ਪਾਤਿਸ਼ਾਹ ਦੇ ਦੁਆਰਿਓਂ ਹੀ ਇਸ ਦਾਤਿ ਦੀ ਖ਼ੈਰ ਮੰਗਣੀ ਚਾਹੀਦੀ ਹੈ, ਹੋਰ ਸਭ ਦੁਆਰੇ ਛਡ ਦੇਣੇ ਚਾਹੀਦੇ ਹਨ। ਸਿਮਰਨ ਦੀ ਦਾਤਿ ਬਖਸ਼ ਕੇ ਕਰਤਾਰ ਨੂੰ ਮੇਲਣਹਾਰ

ਕੇਵਲ ਸਤਿਗੁਰੂ ਦਾਤਾਰ ਹੀ ਹੈ, ਹੋਰ ਕੋਈ ਨਹੀਂ। ਜਿਸ ਨੂੰ ਭੀ ਕਰਤਾਰ ਹਰੀ ਪਰਮਾਤਮਾ ਦੇ ਮਿਲਣ ਦੀ ਸੱਚੀ-ਅਤੇ ਜਿਗਰੀ ਲਗਨ ਹੈ, ਉਸ ਨੂੰ ਤਾਂ ਸਰਬੰਸ ਵਾਰ ਕੇ ਭੀ ਸਤਿਗੁਰੂ ਦਾਤੇ ਪਾਸੋਂ ਸਿਮਰਨ ਦੀ ਦਾਤਿ ਸਸਤੀ ਮਿਲੀ ਜਾਪਦੀ ਹੈ। ਜਿਨ੍ਹਾਂ ਜਗਿਆਸੂ ਜਨਾਂ ਇਸ ਦਾਤਿ ਜੋਤਿ ਦੀ ਖ਼ਾਤਰ ਸਤਿਗੁਰੂ ਪ੍ਰਾਇਣ ਹੋ ਕੇ ਆਪਣਾ ਤਨ ਮਨ ਸਤਿਗੁਰੂ ਪਰ ਵਾਰਨੇ ਬਲਿਹਾਰਨੇ ਕਰ ਦਿੱਤਾ ਹੈ ਤਿਨ੍ਹਾਂ ਮੁਖ ਮਸਤਕ ਭਾਗ ਸੁਭਾਗੇ ਜਨਾਂ ਨੂੰ ਹੀ ਸਤਿਗੁਰੂ ਦਾਤੇ ਨੇ ਨਾਮ ਦ੍ਰਿੜਾ ਕੇ ਸਿਮਰਨ ਦੀ ਦਾਤਿ ਬਖਸ਼ੀ ਹੈ। ਲੋਕਾਂ ਨੇ ਜੋ ਸਸਤਾ ਸੌਦਾ ਕਰ ਛਡਿਆ ਹੈ, ਉਹ ਅਤਿ ਮਹਿੰਗੇ ਮੋਲ ਜੀਅ ਸੁੱਟੇ ਹੀ ਸਤਿਗੁਰੂ ਪਾਸੋਂ ਮਿਲਦਾ ਹੈ। ਯਥਾ ਗੁਰਵਾਕ –

*ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ॥*
*ਸਤਿਗੁਰ ਦਾਤੇ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ॥੧॥੧੦॥੨੪॥ ਅੰਗ – ੭੭੨*

ਜਿਨ੍ਹਾਂ ਨੇ ਇਸ ਬਿਧਿ ਸਤਿਗੁਰੂ ਨੂੰ ਪਰਮੇਸ਼ਰ ਰੂਪ ਜਾਣ ਕੇ ਸੇਵਿਆ ਅਰਾਧਿਆ ਹੈ ਤਿਨ੍ਹਾਂ ਨੂੰ ਸਤਿਗੁਰੂ ਨੇ ਜਨਮ ਮਰਨ ਨਿਵਾਰਨਹਾਰਾ-ਅੰਮ੍ਰਿਤ ਨਾਮ ਪੀਆਲਿਆ ਹੈ, ਜਿਸ ਭੈ-ਭੰਜਨ-ਨਾਮ ਦੇ ਸਿਮਰਨ ਕਰਿ ਸਭੋ ਦੁਖ ਲਥ ਜਾਣੇ ਹਨ। ਗੁਰਵਾਕ –

*ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ॥*
*ਗੁਰੁ ਪਰਮੇਸਰੁ ਸੇਵਿਆ ਭੈ-ਭੰਜਨ ਦੁਖ ਲਥੁ॥੩॥੨੦॥੯੦॥ ਅੰਗ – ੪੯-੫੦*

*('ਨਾਮ ਦਾ ਦਾਤਾ ਤੇ ਸਿਮਰਨ-ਦਾਤਾ ਸਤਿਗੁਰੂ' ਵਿਚੋਂ)*

---

***(ਪੰਨਾ 10 ਦੀ ਬਾਕੀ)***

ਪਿਆਰਿਆਂ ਨੂੰ 'ਗੁਰੂ ਹਸਤੀ' ਦਾ ਸੰਕੇਤ ਸਰੂਪ ਤੇ ਮਾਣ ਪ੍ਰਦਾਨ ਕਰਦੇ ਹਨ।

(੫)

'ਪਿਆਰੇ' ਦੀ ਸਾਰੀ ਚਰਿੱਤਰ-ਉਸਾਰੀ 'ਗੁਰੂ ਚਰਿੱਤਰ' ਵਰਗੀ ਹੀ ਹੁੰਦੀ ਹੈ। ਜੇ 'ਗੁਰੂ-ਚਰਿੱਤਰ' ਨਿਰਮਲ, ਨਿਰਵੈਰ ਤੇ ਨਿਰਭਉ ਹੈ, ਤਾਂ 'ਪਿਆਰੇ' ਦਾ ਜੀਵਨ-ਚਰਿੱਤਰ ਵੀ ਅੰਦਰੋਂ-ਬਾਹਰੋਂ ਨਿਰਮਲ, ਨਿਰਵੈਰ ਤੇ ਨਿਰਭਉ ਹੀ ਹੋਣਾ ਬਣਦਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਪੰਜਾਂ ਪਿਆਰਿਆਂ ਨੂੰ ਆਪਣਾ ਰੂਪ ਤੇ ਆਦਰਸ਼ ਪ੍ਰਦਾਨ ਕਰਦੇ ਹਨ, ਤਾਂ ਇਸ ਦਾ ਸਪੱਸ਼ਟ ਭਾਵ ਇਹ ਹੈ ਕਿ ਪੰਜ ਪਿਆਰਿਆਂ ਦੀ ਰੂਪ-ਰਹਿਣੀ ਤੇ ਜੀਵਨ-ਆਦਰਸ਼ 'ਗੁਰੂ' ਵਰਗਾ ਹੀ ਹੋਣਾ ਚਾਹੀਦਾ ਹੈ। ਜੇ ਦਸਮ ਪਾਤਸ਼ਾਹ 'ਅੰਮ੍ਰਿਤ' ਪ੍ਰਾਪਤ ਕਰ ਕੇ ਆਪਣੇ ਆਪ ਨੂੰ ਪੰਜ ਕਕਾਰਾਂ ਨਾਲ ਸ਼ਿੰਗਾਰਦੇ ਹਨ ਤਾਂ ਇਹੀ ਪੰਜ ਕਕਾਰਾਂ ਦਾ ਸ਼ਿੰਗਾਰ ਹਰ ਸਿੱਖ 'ਪਿਆਰਾ' ਬਣਨ ਵਾਸਤੇ ਲਾਜ਼ਮੀ ਪਹਿਨੇ। ਗੁਰੂ ਦੀ ਦੱਸੀ ਰਹਿਣੀ ਤੇ ਰਹਿਤ ਬਿਨਾਂ 'ਪਿਆਰਾ' ਬਣ ਸਕਣਾ ਜਾਂ ਅਖਵਾ ਸਕਣਾ ਅਸੰਭਵ ਹੈ। ਦਸਮ ਪਾਤਿਸ਼ਾਹ ਜਦੋਂ ਇਕ ਸੰਪੂਰਨ ਤੇ ਸੁਤੰਤਰ ਮਾਨਸ ਜਾਤਿ ਦਾ ਚਰਿੱਤਰ ਮੂਰਤੀਮਾਨ ਕਰਦੇ ਹਨ, ਤਾਂ ਉਹ ਆਖਦੇ ਹਨ ਕਿ ਉਸ ਦੇ ਮੁਖ ਵਿਚ 'ਹਰਿ' ਹੋਣਾ ਚਾਹੀਦਾ ਹੈ ਤੇ ਚਿੱਤ ਵਿਚ 'ਯੁੱਧ' ਹੋਣਾ ਚਾਹੀਦਾ ਹੈ। ਹਰਿ ਤੇ 'ਯੁੱਧ' ਦੀ ਜੀਵਨ-ਕ੍ਰਿਆ ਜੋ ਜੀਵਨ-ਸੰਘਰਸ਼ ਵਿਚ ਇਕਸੁਰ ਤੇ ਇਕਸਾਰ ਹੋ ਜਾਵੇ, ਤਾਂ ਨਿਸਚੇ ਹੀ ਮਰਦ ਦੇ ਅਗੰਮੜੇ ਚਰਿੱਤਰ ਦਾ ਪ੍ਰਗਟਾਅ ਤੇ ਪ੍ਰਕਾਸ਼ ਹੁੰਦਾ ਹੈ। ਜੇ ਦਸਮ ਪਾਤਸ਼ਾਹ ਨੂੰ ਭਾਈ ਗੁਰਦਾਸ ਸਿੰਘ 'ਮਰਦ ਅਗੰਮੜੇ' ਦੀ ਉਪਮਾ ਪ੍ਰਦਾਨ ਕਰਦਾ ਹੈ, ਤਾਂ ਇਸ ਦਾ ਭਾਵ ਇਹ ਵੀ ਹੈ ਕਿ 'ਪਿਆਰੇ' ਤੇ 'ਖਾਲਸੇ' ਦਾ ਚਰਿੱਤਰ 'ਮਰਦ ਅਗੰਮੜੇ' ਵਰਗਾ ਹੀ ਹੋਣਾ ਚਾਹੀਦਾ ਹੈ।

(੬)

ਗੁਰੂ-ਜੋਤਿ ਨੇ ੧੪੬੯ ਤੋਂ ੧੭੦੮ ਤਕ-੨੩੯ ਸਾਲ ਵਿਚ ਜੋ ਅਧਿਆਤਮਿਕ-ਅਨੁਭਵ ਦੀ ਕਮਾਈ ਕੀਤੀ ਹੈ, ਉਸ ਦਾ ਸ਼ੁੱਧ ਤੇ ਸੁਤੰਤਰ ਸਰੂਪ 'ਬਾਣੀ' ਗੁਰੂ ਵੀ ਹੈ, ਗੁਰੂ ਹਿਰਦਾ ਵੀ ਹੈ, ਗੁਰੂ ਨੂੰ ਖਸਮ-ਪ੍ਰਭੂ ਵਲੋਂ ਬਖਸ਼ਿਸ਼ ਰੂਪ ਵਿਚ ਪ੍ਰਾਪਤ ਹੋਇਆ ਅਕਾਲੀ ਗਿਆਨ-ਪ੍ਰਕਾਸ਼ ਵੀ ਹੈ। ਗੁਰੂ ਤੇ ਬਾਣੀ ਦਾ ਸੁਭਾਅ ਚੂੰਕਿ ਨਿਰੰਤਰ ਪ੍ਰਕਾਸ਼ਮਈ ਰਿਹਾ ਹੈ, ਇਸ ਲਈ ਆਤਮਕ-ਅਗਵਾਈ ਲਈ ਇਹ ਗੁਰੂ-ਬਾਣੀ-ਪ੍ਰਕਾਸ਼ ਤਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਜੁਗੋ ਜੁਗ ਲਈ ਸਥਾਪਿਤ ਕਰ ਦਿੱਤਾ ਗਿਆ ਹੈ ਤੇ ਕੂਰ ਕ੍ਰਿਆ ਵਿਰੁਧ ਗੁਰੂ-ਸਰੀਰ ਦੀ ਸਾਰੀ ਯੁੱਧ ਕ੍ਰਿਆ, ਅਦੁੱਤੀ ਅਤੇ ਨਿਆਰੀ ਬੱਲ-ਸ਼ਕਤੀ ਪੰਜਾਂ ਪਿਆਰਿਆਂ ਤੇ ਪਿਆਰਿਆਂ ਦੇ ਖਾਲਸਈ ਸਰੂਪ ਨੂੰ ਸਦਾ ਵਾਸਤੇ ਬਖਸ਼ ਦਿੱਤੀ ਹੈ। 'ਪੰਜ ਪਿਆਰੇ' ਜਿਥੇ ਗੁਰੂ ਦੇ ਪਿਆਰੇ ਹਨ, ਗੁਰੂ-ਚਰਿੱਤਰ ਦੇ ਵਾਰਿਸ ਹਨ, ਉਥੇ ਗੁਰੂ-ਪੰਥ ਦੀ ਅਦੁੱਤੀ ਤੇ ਤੇਜਮਈ ਸ਼ਕਤੀ ਦੇ ਸਰੋਤ ਤੇ ਪਹਿਰੇਦਾਰ ਵੀ ਹਨ। ਇਸੇ ਕਰਕੇ ਪੰਥ ਦਾ ਹਰ ਸੰਘਰਸ਼, ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਹੀ ਅਰੰਭਿਆ ਜਾਂਦਾ ਹੈ ਤੇ ਜਿੱਤ ਤੇ ਜੈਕਾਰ ਦਾ ਪ੍ਰਗਟਾਅ ਵੀ ਪੰਜਾਂ ਪਿਆਰਿਆਂ ਦੀ ਤਾਬਿਆ ਵਿਚ ਹੀ ਕੀਤਾ ਜਾਂਦਾ ਹੈ। ਪੰਜੇ ਪਿਆਰੇ, ਸੱਚ ਮੁੱਚ ਹੀ 'ਖਾਲਸੇ' ਤੇ 'ਪੰਥ' ਦੀ ਸਿਰਜਣਾ, ਸੰਘਰਸ਼ ਤੇ ਪ੍ਰਾਪਤੀਆਂ ਵਿਚ 'ਗੁਰੂ' ਦਾ ਰੋਲ ਅਦਾ ਕਰਦੇ ਹਨ।

# ਦਸਮੇਸ਼ ਦ੍ਰਿੜ੍ਹਾਈ ਸੱਚੀ ਸੁੱਚੀ ਸਾਂਝੀਵਾਲਤਾ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਤੱਤ ਸਾਂਝੀਵਾਲਤਾ 'ਖ਼ਾਲਸਾ' ਪੰਥ ਵਿਚ ਹੈ, ਜਿਥੇ ਕਿ ਗੁਰਸਿੱਖੀ ਵਿਚ ਕਦਮ ਰਖਦਿਆਂ ਘਟ ਘਟ ਅੰਦਰ ਜੋਤੀਸ਼ ਵਾਹਿਗੁਰੂ ਨਜ਼ਰ ਆਉਂਦਾ ਹੈ। ਅਪਣੱਤ ਜਾਂ ਪਰਾਇਆ ਹੱਕ ਮਾਰਨ ਦੀ ਲਾਲਸਾ ਉੱਕੀ ਹੀ ਮਿਟ ਜਾਂਦੀ ਹੈ। ਵੈਰ-ਵਿਰੋਧ ਤੇ ਖ਼ੁਦਗਰਜ਼ੀਆਂ ਦਾ ਨਿਸ਼ਾਨ ਹੀ ਨਹੀਂ ਰਹਿੰਦਾ। ਹਰ ਪ੍ਰਾਣੀ ਮਾਤ੍ਰ ਵਿਚ, ਹਰ ਜੀਵ ਵਿਚ ਗੁਰਮੁਖ ਵਿਅਕਤੀਆਂ ਨੂੰ ਵਾਹਿਗੁਰੂ ਦੀ ਜੋਤਿ ਨਜ਼ਰ ਆਉਂਦੀ ਹੈ।

***ਏਕੁ ਪਿਤਾ ਏਕਸ ਕੇ ਹਮ ਬਾਰਿਕ॥ ਅੰਗ - ੬੧੧***

ਵਾਲਾ ਰਿਸ਼ਤਾ ਉਸ ਦੀ ਸਾਰੀ ਮਾਨਵ-ਸ੍ਰਿਸ਼ਟੀ ਨਾਲ ਗੰਢਿਆ ਜਾਂਦਾ ਹੈ। ਸਰਬੱਤ ਦਾ ਭਲਾ ਚਾਹੁਣ ਵਾਲਾ ਖ਼ਾਲਸਾ, ਸਾਰੀ ਸ੍ਰਿਸ਼ਟੀ ਦਾ ਦੁਖ ਹਰਨ ਲਈ ਤੱਤਪਰ ਰਹਿੰਦਾ ਹੈ। ਜਿਥੇ ਕਿਤੇ ਵੀ ਪਾਪ ਦਾ ਪਸਾਰਾ ਹੋਵੇ, ਓਥੋਂ ਉਹ ਧਰਮ ਤੇ ਸੱਚਾਈ ਲਈ ਲੜਨ ਲਈ ਤਿਆਰ ਰਹਿੰਦਾ ਹੈ। ਭਲੇ ਦੇ ਭੀ ਢੰਗ ਰਚਦੇ ਹਨ, ਅੰਦਰੋਂ ਉਹ ਪੂਰੇ ਨਹੀਂ ਹੁੰਦੇ ਹਨ। ਧਰਮ ਦੇ ਨਾਮ ਤੇ ਅਧਰਮ ਅਤੇ ਨਾਸਤਕਤਾ ਦਾ ਪ੍ਰਚਾਰ ਕਰਨਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਂਝੀਵਾਲਤਾ ਤੋਂ ਅੱਜ ਸਾਡੇ ਬਹੁਤ ਸਾਰੇ ਸਿਖ ਭੀ ਖੁੰਝੇ ਫਿਰਦੇ ਹਨ। ਉਹ ਇਸ ਲਈ ਕਿ ਉਹ ਆਤਮਕ ਜੀਵਨ ਤੋਂ ਵਾਂਝੇ ਹਨ। ਉਨ੍ਹਾਂ ਦੀ ਮਾਨਸਕ ਤਸੱਲੀ ਜਾਂ ਆਤਮਕ ਤ੍ਰਿਪਤੀ ਪੂਰੀ ਨਹੀਂ ਹੁੰਦੀ।

ਜਿਸ ਸਾਂਝੀਵਾਲਤਾ ਦੀ ਬੁਨਿਆਦ ਹੀ ਨਾਸਤਕਤਾ ਤੇ ਨਫਰਤ ਹੈ, ਉਸ ਸਾਂਝੀਵਾਲਤਾ ਨੂੰ ਮਾਨਵ ਜਾਤੀ ਨਾਲ ਹਮਦਰਦੀ ਕਿਥੋਂ ਹੋ ਸਕਦੀ ਹੈ? ਬੇਗਰਜ਼ ਹਮਦਰਦੀ ਉਨ੍ਹਾਂ ਵਿਚ ਹੋ ਹੀ ਨਹੀਂ ਸਕਦੀ, ਨਾ ਹੀ ਬੇਗਰਜ ਕੁਰਬਾਨੀ ਤੇ ਸ੍ਰਿਸ਼ਟੀ ਦੀ ਸੇਵਾ ਦਾ ਮਾਦਾ ਉਨ੍ਹਾਂ ਵਿਚ ਆ ਸਕਦਾ ਹੈ। ਆਪਣੀ ਪਾਰਟੀ ਤੋਂ ਬਾਹਰ ਉਹਨਾਂ ਨੂੰ ਸਭ ਆਦਮੀ ਵੈਰੀ ਹੀ ਨਜ਼ਰ ਆਉਂਦੇ ਹਨ।

ਜਿਥੇ ਜ਼ੋਰ ਜ਼ੁਲਮ ਹੋਵੇ ਓਥੇ ਸੱਚਾਈ ਕਾਹਦੀ, ਧਰਮ ਕਾਹਦਾ? ਓਥੋਂ ਤਾਂ ਸਹਿਮ ਵਿਚ ਗੁਲਾਮ ਹੋਈ ਪਰਜਾ ਦੀ ਬਣਾਉਟੀ ਸਾਂਝੀਵਾਲਤਾ ਹੀ ਹੁੰਦੀ ਹੈ।

ਸੱਚੀ ਸਾਂਝੀਵਾਲਤਾ ਕੇਵਲ ਸ੍ਰੀ ਦਸਮੇਸ਼ ਜੀ ਦੇ ਪਰਮ ਪਵਿਤਰ ਸਮਾਜਕ ਤੇ ਅਧਿਆਤਮਕ ਅਸੂਲਾਂ ਤੇ ਹੀ ਹੋ ਸਕਦੀ ਹੈ। ਇਸ ਸਾਂਝੀਵਾਲਤਾ ਦੇ ਸਦਕੇ ਹੀ ਹਰ ਪਛੜੀ ਸ਼੍ਰੇਣੀ ਵਿਚੋਂ ਸਜੀਆਂ ਖ਼ਾਲਸਾ ਰੂਹਾਂ ਨੇ ਸਦੀਆਂ ਦੀ ਜੰਮੀ ਮੁਗ਼ਲ ਸਲਤਨਤ ਦਾ ਤਖ਼ਤਾ ਉਲਟਾ ਦਿਤਾ। ਜ਼ੁਲਮ ਦਾ ਥਾਂ ਥਾਂ ਟਾਕਰਾ ਕਰ ਕੇ ਹਰ ਦੀਨ ਦੁਖੀ ਦੀ ਬਿਨਾਂ ਰਾਜਸੀ ਗ਼ਰਜ਼ ਦੇ ਸਹਾਇਤਾ ਕੀਤੀ। ਅਗਰ ਸੰਸਾਰ ਉੱਤੇ ਕੋਈ ਸਥਾਈ ਸਾਂਝੀਵਾਲਤਾ ਹੋਈ, ਉਹ ਦਸਮੇਸ਼ ਜੀ ਦੇ ਇਨ੍ਹਾਂ ਪਰਮ ਅਸੂਲਾਂ ਉਤੇ ਹੀ ਹੋ ਸਕਦੀ ਹੈ।

*('ਗੁਰਮਤਿ ਲੇਖ' ਪੁਸਤਕ ਵਿਚੋਂ)*

---

## *(ਪੰਨਾ 30 ਦੀ ਬਾਕੀ)*

ਨੇ ਸਤਿਗੁਰੂ ਜੀ ਦੇ ਸਾਹਮਣੇ ਪਹਿਲਾਂ ਮਤੀਦਾਸ ਜੀ ਨੂੰ ਜੀਂਦਿਆਂ ਆਰੇ ਨਾਲ ਚਿਰਾਇਆ, ਫਿਰ ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਦੀ ਦੇਗ ਵਿਚ ਪਾ ਕੇ ਸਾੜਿਆ। ਪਰ ਉਨ੍ਹਾਂ ਦੇ ਡਰਾਵੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਆਪਣੇ ਨਿਸਚੇ ਤੋਂ ਡੇਗ ਨਾ ਸਕੇ। ਆਖ਼ਰ ੧੧ ਨਵੰਬਰ ੧੬੭੫ ਈ: (ਮਘਰ ਸੁਦੀ ੫ ਸੰਮਤ ੧੭੩੨) ਨੂੰ ਸਤਿਗੁਰੂ ਜੀ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ। ਜਿਥੇ ਸਤਿਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ, ਉਥੇ ਚਾਂਦਨੀ ਚੌਕ ਵਿਚ ਸਤਿਗੁਰੂ ਜੀ ਦੀ ਯਾਦ ਵਿਚ 'ਸੀਸ ਗੰਜ ਸਾਹਿਬ' ਗੁਰਦਵਾਰਾ ਹੈ।

*(ਪ੍ਰੋ: ਸਾਹਿਬ ਸਿੰਘ ਜੀ ਲਿਖਤ 'ਜੀਵਨ ਬ੍ਰਿਤਾਂਤ ਸ੍ਰੀ ਗੁਰੂ ਤੇਗ ਬਹਾਦਰ ਜੀ' ਵਿਚੋਂ)*

# ਖਾਲਸਾ
# ਪੂਰਨ ਜੋਤਿ ਜਗੈ ਘਟ ਮਹਿ
# ਤਬ ਖਾਲਸਾ ਤਾਹਿ ਨਖਾਲਸ ਜਾਨੈ ॥

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਵੈਸਾਖੀ ਖਾਲਸੇ ਦਾ ਜਨਮ ਦਿਨ ਹੈ। ਸਤਿਕਾਰ ਯੋਗ ਭਾਈ ਸਾਹਿਬ ਜੀ ਨੇ ਇਸ 'ਖਾਲਸਾ' ਨਾਮੀ ਲੇਖ ਵਿਚ ਨਿਰਣਯ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ, ਨਾਮ ਅਭਿਆਸ ਕਮਾਈਆਂ ਵਾਲੇ ਪੰਜਾਂ ਪਿਆਰਿਆਂ ਦੁਆਰਾ ਗੁਰਮਤਿ ਨਾਮ ਪ੍ਰਾਪਤ ਕਰ ਕੇ, ਦਿਨੇ ਰਾਤ ਹਰ ਵੇਲੇ ਇਸ 'ਜਾਗਤ-ਜੋਤਿ-ਨਾਮ' ਨੂੰ ਜਪੀ ਜਾਣਾ ਹੀ ਫਲੀਭੂਤ ਹੋ ਸਕਦਾ ਹੈ। ਜਿਨ੍ਹਾਂ ਗੁਰਮੁਖ ਪਿਆਰਿਆਂ ਦੇ ਘਟਾਂ ਅੰਤਰਿ ਇਸ ਪੂਰਨ ਜਾਗਤ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਐਸੇ ਜਨ ਹੀ ਨਿਰੋਲ-ਨਿਖਾਲਸ ਖਾਲਸੇ ਹਨ।

ਭਾਈ ਸਾਹਿਬ ਜੀ ਦੇ ਇਸ ਲੇਖ ਦੀ ਰੌਸ਼ਨੀ ਵਿਚ ਅਸੀਂ ਆਪਣੇ ਅੰਦਰ ਝਾਤੀ ਮਾਰੀਏ ਤੇ ਵੇਖੀਏ ਕਿ ਅਸੀਂ ਕਿਥੇ ਕੁ ਖੜੇ ਹਾਂ ਅਤੇ ਕਿੰਨੀ ਕੁ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਦੇ ਹਾਂ। – *ਸੰਪਾਦਕ*

## ਜਾਗਤ ਜੋਤਿ ਕੀ ਹੈ?

***ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥***
***ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥੧॥*** *ਅੰਗ - ੬੧੭*

ਗੁਰਵਾਕ ਦੇ ਭਾਵ ਅਨੁਸਾਰ ਆਤਮ-ਸੱਤਾ ਦੀ ਜੀਵਨ-ਕਣੀ ਕਰਕੇ ਤਾਂ ਪਰਮਾਤਮਾ ਦੀ ਜੋਤਿ ਸਰਬ ਘਟਾਂ ਵਿਖੇ ਬਿਰਾਜਮਾਨ ਹੈ, ਪਰ ਇਹ ਜੀਵਨ-ਜੋਤਿ-ਕਣੀ ਪ੍ਰਜੁਲਤ ਉਥੇ ਹੁੰਦੀ ਹੈ ਜਿਥੇ ਇਸ ਆਤਮ-ਜੀਵਨ-ਜੋਤਿ-ਕਣੀ ਨੂੰ ਪਰਮਾਤਮਾ ਦੇ 'ਅੰਮ੍ਰਿਤ-ਨਾਮ ਦੀ ਜਾਗ' ਲਗਦੀ ਹੈ। ਪਰਮਾਤਮਾ ਦੇ ਇਸ ਅੰਮ੍ਰਿਤ-ਨਾਮ ਦੀ ਜਾਗ ਹਰੇਕ ਘਟ ਮਾਤਰ ਵਿਖੇ ਹੀ ਹੁੰਦੀ ਤਾਂ ਘਟ-ਆਤਮ ਸਾਰੇ ਆਪੋਂ ਹੀ ਜਗ ਉਠਦੇ। ਬਸੰਤਰ ਤਾਂ ਸਗਲ ਬਨਸਪਤ ਮਾਹਿ ਬਿਰਾਜਮਾਨ ਹੈ। ਅਗਨੀ ਆਪਣੀ ਅੰਸ ਕਰਕੇ ਹਰੇਕ ਕਾਠ ਲਕੜੀ ਅੰਦਰਿ ਮਉਜੂਦ ਹੈ। ਸਾਰੇ ਦੁੱਧ ਅੰਦਰ ਘਿਉ ਦੀ ਅੰਸ ਮਉਜੂਦ ਹੈ। ਪਰ ਦੁੱਧ ਨੂੰ ਜਾਗ ਲਗੇ ਬਿਨਾਂ ਅਤੇ ਕਾਠੰਤਰਿ-ਛੁਪੀ-ਅਗਨ ਨੂੰ ਲਾਗ ਲਗੇ ਬਿਨਾਂ ਨਾਹੀਂ ਦੁਧ ਵਿਚੋਂ ਘਿਉ ਨਿਕਲਦਾ ਹੈ ਅਤੇ ਨਾਹੀਂ ਕਾਠ ਲਕੜੀ ਵਿਚੋਂ ਅਗਨੀ ਪ੍ਰਚੰਡ ਹੁੰਦੀ ਹੈ। ਤਿਵੇਂ ਹੀ ਘਟ ਘਟ ਵਿਖੇ ਰਮ ਸਮ ਰਹੀ ਜੋਤਿ, ਬਿਨਾਂ ਅੰਮ੍ਰਿਤ-ਨਾਮ ਦੀ ਜਾਗ-ਲਾਗ ਤੋਂ ਅੰਦਰੋਂ ਪ੍ਰਜੁਲਤ ਪਰਗਟ ਹੋ ਕੇ ਜਗਦੀ ਨਹੀਂ।

ਤਾਂ ਤੇ ਸਿਧ ਹੋਇਆ ਕਿ ਸਰਬ ਘਟਾਂ ਅੰਦਰ ਵਿਆਪ ਰਹੀ ਆਤਮ-ਜੋਤਿ-ਜੀਵਨ-ਕਣੀ ਆਪਣੇ ਆਪ ਹੀ ਨਹੀਂ ਜਗ ਸਕਦੀ। ਇਸ ਵਿਚ ਆਪੋਂ ਜਗ ਉਠਣ ਦੀ ਸਮਰੱਥਾ ਹੀ ਨਹੀਂ। ਇਸ ਦੇ ਜਾਗਣ ਦਾ ਜਾਗ ਇਸ ਦੀ ਸਮਰੱਥਾ ਤੋਂ ਬਾਹਰ ਹੈ, ਇਸ ਦੇ ਆਪਣੇ ਹੱਥ ਹੀ ਨਹੀਂ। ਜੇ ਐਸਾ ਹੁੰਦਾ ਤਾਂ ਜਣਾ ਕਣਾ ਆਦਮੀ ਹੀ ਨਾ ਆਪਣੇ ਅੰਦਰ ਜੋਤਿ ਜਗਾ ਬਹਿੰਦਾ। ਇਸ ਜਣੇਂ ਕਣੇ ਜੀਵਨ ਅੰਦਰਿ ਰਮ ਸਮ ਰਹੀ ਆਤਮ ਜੋਤਿ ਨੂੰ ਕੋਈ ਜਾਗਤ ਜੋਤਿ ਹੀ ਜਗਾ ਸਕਦੀ ਹੈ। ਜੋਤੀ ਸਰੂਪ ਪਰਮਾਤਮਾ ਅਕਾਲ ਪੁਰਖ ਵਾਹਿਗੁਰੂ ਜਾਗਤ ਜੋਤਿ ਹੈ। ਇਸ ਜੋਤੀ ਸਰੂਪ ਅਕਾਲ ਪੁਰਖ ਪਰਮਾਤਮਾ ਦਾ ਗੁਪਤੋਂ ਪਰਗਟ ਹੋਣ ਵਾਲਾ ਸਰੂਪ ਹੀ ਜਾਗਤ ਜੋਤਿ ਹੈ ਅਤੇ ਬਿਸਮਾਦ ਰੂਪ ਹੈ। ਜੋਤੀ ਸਰੂਪ ਦਾ 'ਜਾਗਤ ਜੋਤਿ' ਵਿਚਿ ਗੁਪਤੋਂ ਪਰਗਟ ਹੋਣਾ ਬਿਸਮਾਦ ਜਨਕ ਹੈ। ਜੋਤੀ ਸਰੂਪ ਦਾ ਜਾਗਤ ਜੋਤਿ ਸਰੂਪ ਹੀ ਪ੍ਰਕਾਸ਼-ਕਲਾ ਸੰਪੰਨ ਹੈ। ਜੋਤੀਸ਼ ਪ੍ਰਭੂ ਦਾ ਪ੍ਰਕਾਸ਼, ਜਾਗਤ-ਜੋਤਿ-ਸਰੂਪ ਕੇਵਲ ਨਿਜ ਸਰੂਪ ਨੂੰ ਪ੍ਰਕਾਸ਼ਨ ਦੀ

ਜੋਤਿ ਜਗੰਨ ਸੰਪੰਨ ਹੀ ਨਹੀਂ, ਬਲਕਿ ਇਸ ਜਾਗਤ ਜੋਤਿ ਬਿਸਮਾਦ ਪ੍ਰਕਾਸ਼ ਸਰੂਪ ਦੇ ਪਰਸਿਆਂ ਹਰ ਇਕ ਆਤਮ-ਜੋਤਿ ਪ੍ਰਕਾਸ਼-ਜੁਲਤ ਹੁੰਦੀ ਹੈ, ਅਰਥਾਤ ਹਰੇਕ ਆਤਮ-ਜੋਤਿ, ਜਾਗਤ-ਜੋਤਿ ਜੋਤੀਸ਼ ਦੀ ਜਾਗ-ਲਾਗ ਨਾਲ ਹੀ ਜਗਦੀ ਹੈ। ਸ਼ੈਕਲਾ ਦੁਆਰਾ ਗੁਪਤੋਂ ਪਰਗਟ ਹੋਏ ਜੋਤਿ-ਪ੍ਰਕਾਸ਼ ਜਾਗਤ-ਜੋਤਿ ਜੋਤੀਸ਼ ਦਾ ਨਾਮ ਹੀ ਵਾਹਿਗੁਰੂ ਹੈ। ਇਹ ਨਾਮ ਅਰਥਾਤ ਇਹ ਜੋਤਿ-ਪ੍ਰਕਾਸ਼ੀ-ਜਾਗਤ-ਜੋਤਿ ਸਰੂਪ ਹੀ ਜਾਗਤ-ਜੋਤਿ-ਕਲਾ ਸੰਪੰਨ ਹੈ, ਅਰਥਾਤ ਜੋਤਿ-ਕਲਾ ਜਗਾਉਣ ਦੇ ਸਮਰੱਥ ਹੈ। ਜੋਤਿ-ਪ੍ਰਕਾਸ਼ ਦੇ ਪਰਸਿਆਂ ਹੀ ਹਰੇਕ ਆਤਮ-ਜੋਤਿ ਦੇ ਪ੍ਰਕਾਸ਼ ਹੁੰਦਾ ਹੈ। ਬਾਰੰਬਾਰ ਜਾਗਤ-ਜੋਤਿ ਨੂੰ ਪਰਸਣਾ ਅਤੇ ਪਰਸੀ ਜਾਣਾ, ਬਾਰੰਬਾਰ ਪਰਸਣਾ ਹੀ ਆਤਮ-ਜੋਤ ਦੇ ਘਟ ਅੰਦਰਿ ਜਗਾਉਣ ਦਾ ਚੁੰਭਕ ਰਸਾਇਣ ਹੈ। ਇਸ ਜਾਗਤ-ਜੋਤਿ ਨੂੰ ਬਾਰੰ ਬਾਰ ਆਤਮ-ਜੋਤਿ ਦੇ ਪਰਸਣ ਦਾ ਨਾਉਂ ਜਾਗਤ-ਜੋਤਿ ਦਾ ਜਪਣਾ ਹੈ, ਤਦੇ ਹੀ ਸ੍ਰੀ ਦਸਮੇਸ਼ ਜੀ ਨੇ ੩੩ ਸਵੱਯਾ ਦੇ ਅਰੰਭ ਵਿਚ ਉਚਾਰਨ ਕੀਤਾ ਹੈ-

ਜਾਗਤ ਜੋਤਿ ਜਪੈ 'ਨਿਸ ਬਾਸੁਰ' ਦੀ ਫੋਰਸ ਖਾਲਸਾ ਜੀ ਨੋਟ ਕਰੋ। 'ਨਿਸ ਬਾਸੁਰ' ਯਾਨੀ ਕਿ ਰਾਤ ਦਿਨੇ ਜਾਗਤ ਜੋਤਿ ਨੂੰ ਜਪੀ ਜਾਣ ਦੀ ਤਕੜਾਈ ਕੀਤੀ ਸ੍ਰੀ ਨੇ ਸ੍ਰੀ ਖਾਲਸਾ ਜੀ ਨੂੰ। ਉਪਰ ਪਹਿਲਾਂ ਹੀ ਸਿੱਧ ਹੋ ਚੁੱਕਾ ਹੈ ਕਿ ਜਾਗਤ ਜੋਤਿ ਦਾ ਪਰਗਟ ਸਰੂਪ 'ਵਾਹਿਗੁਰੂ' ਨਾਮ ਹੈ। ਤਾਹੀਂ 'ਜਾਗਤ-ਜੋਤਿ ਜਪੋ' ਆਖਿਆ ਹੈ ਸ੍ਰੀ ਦਸਮੇਸ਼ ਜੀ ਨੇ। ਜਾਗਤ-ਜੋਤਿ ਨੂੰ ਜਪਣ ਦੇ ਅਰਥ ਹੋਰ ਕੁਝ ਬਣ ਹੀ ਨਹੀਂ ਸਕਦੇ। ਬਸ 'ਜਾਗਤ ਜੋਤਿ ਜਪੈ' ਦਾ ਸਪੱਸ਼ਟ ਅਰਥ ਸ੍ਰੀ ਦਸਮੇਸ਼ ਜੀ ਦੇ ਸਿਧਾਂਤ ਅਨੁਸਾਰ 'ਵਾਹਿਗੁਰੂ ਨਾਮ ਜਪੈ ਸਿਧ ਹੋਇਆ', ਅਤੇ ਇਸ ਨਾਮ ਨੂੰ ਨਿਸ ਬਾਸਰ ਜਪਣ ਦਾ ਤਾਕੀਦੀ ਹੁਕਮ ਸ੍ਰੀ ਦਸਮੇਸ਼ ਜੀ ਨੇ ਇਸ ਪੰਗਤੀ ਦੁਆਰਾ ਦ੍ਰਿੜਾਇਆ ਹੈ। ਸ੍ਵੈ ਪ੍ਰਕਾਸ਼ਤ ਕਲਾ ਕਰਿ ਨਾਮੁ ਨਾਮੀ ਦਾ ਅਭੇਦ ਹੋਣਾ ਭੀ ਭਲੀ ਭਾਂਤ ਸਿਧ ਹੋ ਚੁਕਾ ਹੈ -

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥੧॥***
***ਅੰਗ - ੪੬੩***

ਰੂਪੀ ਗੁਰਵਾਕ ਵੀ ਇਸ ਸਿਧਾਂਤ ਦੀ ਪ੍ਰੋੜਤਾ ਕਰਦਾ ਹੈ। ਸ਼ੈਕਲਾ ਪ੍ਰਕਾਸ਼ਤ ਅਤੇ ਸੁੰਰਚਿਤ ਹੋਣ ਕਰਿ ਹੀ, ਅਤੇ ਆਦ ਅਨਾਦ ਅਪਰੰਪਰਾ ਪਰਾਪੂਰਬਲਾ ਹੋਣ ਦੇ ਕਾਰਨ ਇਹੋ ਨਾਮ ਹੀ ਸਤਿਨਾਮ, ਅਰਥਾਤ ਇਹ ਨਾਮ ਹੀ ਸਤਿ ਹੈ। ਏਕੋ ਇਸੇ ਨਾਮ ਬਿਨਾਂ ਹੋਰ ਸਭ ਨਾਮ ਅਸੱਤ ਹਨ, ਅਥਵਾ ਕਿਰਤਮ ਨਾਮ ਹਨ। 'ਜਾਗਤ ਜੋਤਿ ਜਪੈ ਨਿਸ ਬਾਸੁਰ' ਦੀ ਅਗਲੀ ਅੱਧੀ ਪੰਗਤੀ 'ਏਕ ਬਿਨਾ ਮਨਿ ਨੈਕ ਨ ਆਨੈ' ਸਾਫ ਸਿਧ ਕਰਦੀ ਹੈ ਕਿ ਏਕੋ ਨਾਮੁ, ਉਪਰ ਦਸੇ ਗੁਰਮਤਿ ਨਾਮ ਤੋਂ ਬਿਨਾਂ, ਏਕੈ ਸਤਿ ਪਦਾਰਥ ਸਤਿਨਾਮ ਤੋਂ ਬਿਨਾਂ, ਇਕ ਤੋਂ ਅਨਿਕ (ਅਨ-ਇਕ ਲੋਕ) ਅਸੱਤ ਪਦਾਰਥ ਨੂੰ ਮਨ ਅੰਦਰਿ ਨ ਲਿਆਵੈ, ਭਾਵ ਨਿਸ ਬਾਸੁਰ ਨਾਮ ਜਪਣ ਵਾਲੇ ਦੀ ਸੱਚੀ ਨਾਮ-ਅਭਿਆਸ-ਅਰੂੜ-ਅਵਸਥਾ ਇਹ ਹੁੰਦੀ ਹੈ ਕਿ ਨਾਮ, ਏਕੈ ਨਾਮ ਜਪਣ ਤੋਂ ਬਿਨਾਂ ਉਸ ਦੇ ਮਨ ਅੰਦਰ ਕਿਸੇ ਹੋਰ ਚੀਜ਼ ਦਾ ਨਿਵਾਸ ਨਹੀਂ ਹੁੰਦਾ।

***ਰਤੇ ਰੰਗਿ ਪਾਰਬ੍ਰਹਮ ਕੈ ਮਨੁ ਤਨੁ ਅਤਿ ਗੁਲਾਲੁ॥***
***ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ॥੩॥***
***ਅੰਗ - ੧੦੯੭***

ਸੱਚ ਮੁੱਚ ਨਾਮ ਅਭਿਆਸੀ ਦੇ ਹਿਰਦੇ ਅੰਦਰ ਨਾਮ ਬਿਨਾਂ ਦੁਤੀ-ਆਲੂਦ-ਪ੍ਰਾਗੰਦਾ ਖ਼ਿਆਲ ਟਿਕ ਨਹੀਂ ਸਕਦੇ। ਨਾਮ ਬਿਨਾਂ ਸੁਫਨੇ, ਅਫੁਰਨੇ, ਸੰਕਲਪ, ਵਿਕਲਪ, ਸ਼ੁਭ ਅਸ਼ੁਭ ਵਾਸ਼ਨਾ ਸਭਿ ਪ੍ਰਾਗੰਦਾ ਖ਼ਿਆਲੀਆਂ ਹਨ। 'ਜਾਗਤ ਜੋਤਿ ਜਪੈ ਨਿਸ ਬਾਸੁਰ' ਦੇ ਹੁਕਮ ਕਮਾਵਣ ਦਾ ਪਾਰਸ ਪ੍ਰਭਾਵੀ ਫਲ ਇਹ ਹੁੰਦਾ ਹੈ ਕਿ ਬਸ ਏਕ ਬਿਨਾ ਮਨਿ ਨੈਕ ਨ ਆਨੈ॥

ਗੁਰਮਤਿ ਨਾਮ ਅਭਿਆਸ ਕਮਾਈ ਵਾਲਾ ਗੁਰਮੁਖ ਜਨ ਏਕੋ ਨਾਮ ਦਾ ਹੀ ਅਨਿੰਨ ਉਪਾਸ਼ਕ, ਅਨਿੰਨ ਅਭਿਆਸੀ ਅਤੇ ਏਕੋ ਅਕਾਲ ਪੁਰਖ ਦਾ ਹੀ ਅਨਿੰਨ ਭਗਤ ਹੋ ਜਾਂਦਾ ਹੈ। ਉਸ ਦੇ ਹਿਰਦੇ (ਮਨ) ਅੰਦਰਿ ਇਹੋ ਏਕੋ ਨਾਮ ਦੇ ਅਨਿੰਨ ਅਭਿਆਸ ਦੀ ਹੀ ਪੂਰਨ ਪ੍ਰੇਮ-ਪ੍ਰਤੀਤ ਸੁਭਾਇਮਾਨ ਹੁੰਦੀ ਹੈ। ਸਾਨੂੰ ਆਪਣੀ 'ਪੂਰਨ ਪ੍ਰੇਮ ਪ੍ਰਤੀਤ ਸਜੈ' ਇਸ ਪੱਕ ਪ੍ਰਤੀਤ ਸੱਚ ਸ਼ਰਧਾ ਭਾਵਨੀ ਤੋਂ ਉਖੜ ਕੇ ਨਾਮ ਦਾ ਅਨਿੰਨ ਅਭਿਆਸੀ, ਅਕਾਲ ਦਾ ਅਨਿੰਨ ਉਪਾਸ਼ਕ ਆਪਣੀਆਂ ਮਨੋ-ਕਾਮਨਾ ਮਨੋਰਥਾਂ ਦੀ ਸਿਧੀ ਹੇਤੁ ਆਨਮਤੀਆਂ ਵਤ ਬ੍ਰਤ, ਗੋਰ, ਮੜੀ, ਮਟ ਆਦਿਕ ਦੀ ਮੰਨਤਾ ਵਲ ਕਦੋਂ ਜਾਂਦਾ ਥਾਂਵਦਾ ਹੈ। ਜਦ ਉਸ ਦੇ ਮਨ ਅੰਦਰ 'ਏਕ ਬਿਨਾ ਮਨ ਨੈਕ ਨ ਆਨੈ' ਵਾਲੀ ਸ਼ਰਧਾ-ਭਾਵਨੀ ਵਰਤ ਰਹੀ ਹੋਵੇ, ਤਦ ਹੋਰ ਕਿਸੇ ਵਲ ਉਸਦਾ ਧਾਵਣਾ ਕੀ? ਐਸੇ ਜਨ ਇਕੋ ਅਕਾਲ ਪੁਰਖ ਦੀ ਨਾਮ ਅਭਿਆਸ ਉਪਾਸ਼ਨਾ ਰੂਪੀ ਤੀਰਥ ਦਾਨ ਦਇਆ ਤਪ ਸੰਜਮ ਬਿਨਾਂ ਹੋਰ ਕਿਸੇ ਆਨ ਤੀਰਥ ਦਾਨ ਦਇਆ ਤਪ ਸੰਜਮ ਨੂੰ ਨਹੀਂ ਸਿਆਣਦੇ ਪਛਾਣਦੇ। ਏਕੋ ਜਾਗਤ ਜੋਤਿ ਦਾ ਨਿਸਬਾਸਰੀ ਅਨਿੰਨ ਅਭਿਆਸ ਹੀ ਸਰਬ ਕਲਾ ਕਲਿਆਣਕਾਰੀ ਹੈ। ***(ਬਾਕੀ ਪੰਨਾ 23 'ਤੇ)***

# ਚਰਨਾਮ੍ਰਿਤ ਤੋਂ ਖੰਡੇ ਦੀ ਪਾਹੁਲ

*(ਗੁਰਪੁਰਵਾਸੀ ਪ੍ਰਿੰ. ਸੱਜਣ ਸਿੰਘ ਜੀ)*

ਨਿਗੁਰੇ ਪੁਰਸ਼ ਦਾ ਇਕ ਖਾਸ ਅਉਗਣ ਉਸ ਦੀ ਹੰਗਤਾ ਹੈ ਜਿਹੜੀ ਪ੍ਰਤੱਖ ਰੂਪ ਵਿੱਚ ਵੀ ਤੇ ਸੂਖਮ ਰੂਪ ਵਿੱਚ ਵੀ ਹੋ ਸਕਦੀ ਹੈ। ਆਪਣੇ ਮਨ ਜਾਂ ਬੁੱਧੀ ਦੁਆਰਾ ਉਸਾਰੇ ਮਾਰਗ ਤੇ ਚੱਲਣ ਵਾਲਾ ਜੀਵ ਗੁਰੂ ਧਾਰਨ ਕਰਨ ਨੂੰ ਬੇਲੋੜਾ ਸਮਝਦਾ ਹੈ। ਅਜਿਹੇ ਪੁਰਸ਼ ਨੂੰ ਗੁਰ ਉਪਦੇਸ਼ ਤੇ ਅਧਿਆਤਮਕ ਗਿਆਨ ਨਿਰੀ ਬੰਦਸ਼ ਪਰਤੀਤ ਹੁੰਦੀ ਹੈ। ਨਾਮ ਜੈਸੀ ਵਡਮੁੱਲੀ ਵਸਤੂ ਹਕੀਕਤ ਵਿੱਚ ਅਮੁੱਲ ਹੈ ਪਰ ਉਸਦੀ ਪ੍ਰਾਪਤੀ ਲਈ ਮੁੱਲ ਦੇਣਾ ਪੈਂਦਾ ਹੈ, ਉਹ ਮੁੱਲ ਸਿਰ ਦਾ ਅਰਪਣਾ ਹੈ। ਇਸ ਸੰਦਰਭ ਵਿੱਚ ਸਿਰ ਉੱਚਾ ਰੱਖ ਕੇ ਚੱਲਣਾ ਹਉਮੈ ਦਾ ਪ੍ਰਤੀਕ ਹੈ। ਸੀਸ ਝੁਕਾਉਣਾ ਹਉਮੈ ਤਿਆਗਣਾ ਹੈ, ਮੈਂ ਮੇਰੀ ਨੂੰ ਮਿਟਾਉਣਾ ਹੈ। ਬੱਚੇ, ਮਾਂ, ਬਾਪ ਜਾਂ ਸੰਬੰਧੀਆਂ ਨੂੰ ਪਿਆਰ ਤੇ ਸਤਿਕਾਰ ਦੇ ਪ੍ਰਗਟਾਵੇ ਲਈ ਮੱਥਾ ਟੇਕਦੇ ਹਨ। ਮੁਰਸ਼ਦ ਤੇ ਮੁਰੀਦ ਦਾ ਰਿਸ਼ਤਾ ਇਸ ਤੋਂ ਜ਼ਿਆਦਾ ਸੂਖਮ ਤੇ ਭਾਵੁਕ ਹੈ ਕਿਉਂਕਿ ਰੂਹਾਨੀਅਤ ਦੇ ਖੇਤਰ ਵਿੱਚ ਤਨ ਅਰਪਣ ਦੇ ਇਲਾਵਾ ਮਨ ਕੀ ਮਤਿ ਦਾ ਤਿਆਗਣਾ ਲਾਜ਼ਮੀ ਹੈ।

ਹਉਮੈ ਸਭ ਰੋਗਾਂ ਤੋਂ ਬਲਵਾਨ ਤੇ ਪ੍ਰਭਾਵਸ਼ਾਲੀ ਹੈ। ਗੁਰਦੇਵ ਜੀ ਨੇ ਇਸ ਨੂੰ ਦੀਰਘ ਰੋਗ ਆਖਿਆ ਹੈ। ਇਹ ਵਾਕਈ ਅਜਗਰ ਹੈ ਜਿਸ ਵਿੱਚ ਦੈਵੀ ਗੁਣਾਂ ਨੂੰ ਬਿਨਾਂ ਚਬਾਏ ਨਿਗਲਣ ਤੇ ਭਸਮ ਕਰਨ ਦੀ ਸਮਰੱਥਾ ਹੈ। ਹੰਕਾਰੀ ਪੁਰਸ਼, ਸਿੰਮਲ ਰੁੱਖ ਨਿਆਈਂ ਆਕੜਖਾਨ, ਫਿੱਕਾ ਤੇ ਫਲਹੀਨ ਹੈ ਜਿਸ ਤੇ ਭਰੋਸਾ ਰੱਖਣ ਵਾਲੇ ਨੂੰ ਨਿਰਾਸਤਾ ਦੇ ਸਿਵਾਇ ਕੁੱਝ ਨਹੀਂ ਮਿਲਦਾ।

(੧) ਹਉਮੈ ਦਾ ਅਰਪਣਾ - ਨਿਮਰਤਾ ਤੇ ਮਿਠਾਸ ਤੋਂ,

(੨) ਤਨ ਦਾ ਅਰਪਣਾ - ਸੇਵਾ ਤੇ ਪਰਉਪਕਾਰ ਤੋਂ ਹਿਰਦੇ ਵਿੱਚ ਅਜਿਹੇ ਸ਼ੁਭ ਗੁਣਾਂ ਦੇ ਤੱਤਾਂ ਦਾ ਪ੍ਰਵੇਸ਼ ਹੁੰਦਾ ਹੈ ਕਿ ਜੁਗਾਂ ਜੁਗੰਤਰ ਤੋਂ ਜਮੀ ਹੋਈ ਮੈਲ ਤੇ ਪਈ ਹੋਈ ਵਿੱਥ ਸਦਾ ਲਈ ਮਿੱਟ ਜਾਂਦੀ ਹੈ।

ਸਤਿਗੁਰ ਨਾਨਕ ਦੇਵ ਜੀ ਨੇ ਜਗਤ ਕਲਿਆਣ ਲਈ ਨਾਮ ਦੇਣ ਦੀ ਜਿਹੜੀ ਪਰੰਪਰਾ ਅਪਣਾਈ ਉਹ -

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***

***ਅੰਗ - ੧੪੧੨)***

ਆਧਾਰਤ ਸੀ, ਅਰਥਾਤ ਜਿਸ ਜਗਿਆਸੂ ਨੂੰ ਪ੍ਰੇਮ ਦੀ ਖੇਡ ਖੇਡਣ ਦਾ ਚਾਉ ਹੋਵੇ, ਉਸ ਨੂੰ ਆਪਣਾ ਸਿਰ ਤਲੀ ਤੇ ਰੱਖ ਕੇ ਮੁਰਸ਼ਦ ਦੀ ਗਲੀ ਵਿੱਚ ਆਉਣਾ ਪਵੇਗਾ। ਦੂਸਰੇ ਸ਼ਬਦਾਂ ਵਿੱਚ ਉਸ ਨੂੰ ਆਪਣੀ ਖੁਦਦਾਰੀ ਤਿਆਗ ਕੇ, ਸੀਸ ਨੂੰ ਪੈਰਾਂ ਤੇ ਨਿਵਾਉਣਾ ਪਵੇਗਾ।

ਭਾਈ ਗੁਰਦਾਸ ਜੀ ਨੇ ਇਸ ਗੁਰ-ਰੀਤ ਨੂੰ ਆਪਣੇ ਸ਼ਬਦਾਂ ਵਿੱਚ ਇਉਂ ਆਖਿਆ ਹੈ :

***ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ।***
***ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸ ਨਿਵਾਇਆ।***

***ਅੰਗ - ੨੩***

ਹਰੇਕ ਪੁਰਸ਼ ਦੇ ਪੈਰ ਏਨੇ ਪਵਿੱਤਰ ਤੇ ਯੋਗ ਨਹੀਂ ਹੁੰਦੇ ਕਿ ਉਨ੍ਹਾਂ ਤੇ ਝੁਕਿਆਂ ਕੁੱਛ ਪੱਲੇ ਪਵੇ। ਹਉਮੈ ਦਾ ਗ੍ਰਸਿਆ ਬੰਦਾ ਕਿਸੇ ਦੀ ਭੁੱਲ ਨੂੰ ਖਿਮਾ ਕਰਨ ਲਈ ਜ਼ਬਰਦਸਤੀ ਪੈਰਾਂ ਤੇ ਝੁਕਾਉਣਾ ਚਾਹੁੰਦਾ ਹੈ। ਇਹ ਮੁਆਫੀ ਨਹੀਂ, ਹਉਮੈ ਨੂੰ ਪੱਠੇ ਪਾਉਣ ਦੀ ਕ੍ਰਿਆ ਹੈ। ਬੇਰਾਂ ਨਾਲ ਲੱਦੀ ਬੇਰੀ ਝੁੱਕ ਜਾਂਦੀ ਹੈ। ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥ (ਆਸਾ ਦੀ ਵਾਰ) ਪਰ ਨਾਮ ਦੀ ਕਣੀ ਵਾਲੇ ਪੁਰਸ਼ਾਂ ਦੀ ਲੀਲ੍ਹਾ ਹੀ ਨਿਰਾਲੀ ਹੈ। ਉਨ੍ਹਾਂ ਦਾ ਸਾਰਾ

ਵਜੂਦ, ਪਵਿੱਤਰਤਾ ਤੇ ਨਿਮਰਤਾ ਦਾ ਮੁਜੱਸਮਾ ਹੁੰਦਾ ਹੈ ਤੇ ਪਰਮਾਤਮਾ ਵਲੋਂ ਉਨ੍ਹਾਂ ਨੂੰ ਨੀਚਹੁ ਊਚ ਕਰਨ ਵਾਲੀ ਬਖਸ਼ਸ਼ ਪ੍ਰਾਪਤ ਹੁੰਦੀ ਹੈ।

ਭਾਈ ਨੰਦ ਲਾਲ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕਮਲਾਂ ਦੀ ਵਡਿਆਈ ਬਾਰੇ ਆਪਣੀ ਅਕੀਦਤ ਇਨ੍ਹਾਂ ਸ਼ਬਦਾਂ ਦੁਆਰਾ ਕੀਤੀ :

*ਲਾ ਮਕਾਂ ਪਾਬੋਸ ਗੁਰ ਗੋਬਿੰਦ ਸਿੰਘ॥੧੨੧॥*

(ਬੈਕੁੰਠ ਵੀ ਉਨ੍ਹਾਂ ਦੇ ਚਰਨ ਚੁੰਮਦਾ ਹੈ)

*ਖਾਕ ਬੇਸਿ ਪਾਏ ਗੁਰ ਗੋਬਿੰਦ ਸਿੰਘ॥੧੩੪॥*
*ਮੁਕਬਲ ਅਜ਼ ਆਲਾਏ ਗੁਰ ਗੋਬਿੰਦ ਸਿੰਘ॥*
*(ਤੌਸੀਫੋ ਸਨਾ)*

(ਸਤਿਗੁਰੂ ਜੀ ਦੀ ਚਰਨ ਧੂੜੀ ਚੁੰਮਣ ਵਾਲੇ ਸਤਿਗੁਰੂ ਜੀ ਦੀਆਂ ਬਖਸ਼ਸ਼ਾਂ ਨਾਲ ਨਿਵਾਜੇ ਗਏ) ਸਤਿਗੁਰੂ ਜੀ ਦੇ ਚਰਨ ਕਮਲਾਂ ਦੀ ਛੁਹ ਨੇ ਕਣ ਕਣ ਰੁਸ਼ਨਾ ਦਿੱਤਾ। ਜਿਸ ਧਰਤੀ ਨੂੰ ਪਰਸਨ ਦਾ ਸੁਭਾਗ ਪ੍ਰਾਪਤ ਹੋਇਆ, ਉਹ ਪੂਜਣ ਯੋਗ ਹੋ ਗਈ, ਜਿਸ ਧੂੜੀ ਨੂੰ ਚਰਨਾਂ ਦੀ ਛੁਹ ਮਿਲੀ, ਉਹ ਮਸਤਕ ਤੇ ਲਾਉਣ ਯੋਗ ਬਣ ਗਈ। ਗੁਰ ਪਦਵੀ ਦੀ ਪ੍ਰਾਪਤੀ ਤੋਂ ਪਹਿਲਾਂ ਵੀ ਗੁਰੂ ਅਮਰਦਾਸ ਜੀ ਦੇ ਪਾਵਨ ਚਰਨ ਭਵਿੱਖ ਦਾ ਸ਼ੀਸ਼ਾ ਸਨ। ਗੁਰ ਇਤਿਹਾਸ ਅਨੁਸਾਰ ਇੱਕ ਬ੍ਰਹਮਚਾਰੀ ਨੇ ਹਜ਼ੂਰ ਦੇ ਚਰਨਾਂ ਵਿੱਚ ਪਦਮ ਦਾ ਨਿਸ਼ਾਨ ਤੱਕ ਕੇ ਮਹਾਨ ਹਸਤੀ ਬਣਨ ਦੀ ਭਵਿੱਖਬਾਣੀ ਕੀਤੀ ਸੀ। ਭੱਟਾਂ ਦੇ ਕਥਨ ਅਨੁਸਾਰ ਆਪ ਜੀ ਦੇ ਹੱਥਾਂ ਵਿੱਚ ਪਦਮ ਸੀ।

*ਬਾਰਿਜੁ ਕਰਿ ਦਾਹਿਣੈ, ਸਿਧਿ ਸਨਮੁਖ ਮੁਖੁ ਜੋਵੈ॥*
*ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ॥*
*ਅੰਗ - ੧੩੯੪*

ਜਿਵੇਂ ਭੌਰੇ ਕਮਲ ਫੁੱਲ ਦੀ ਖੁਸ਼ਬੂ ਤੇ ਮੋਹਿਤ ਹੋ ਕੇ ਨਿਵਾਸ ਕਰਦੇ ਹਨ, ਤਿਵੇਂ ਸਤਿਗੁਰੂ ਜੀ ਦੇ ਪਾਵਨ ਚਰਨ ਪਰਸਣ ਲਈ ਸੰਗਤ ਉਮੜ ਉਮੜ ਕੇ ਆਉਂਦੀ ਸੀ। ਇਉਂ ਗੁਰਦੇਵ ਜੀ ਦੇ ਚਰਨਾਂ ਨੂੰ ਚਰਨ ਕਮਲਾਂ ਨਾਲ ਸਨਮਾਨਤ ਕਰਨਾ ਆਪ ਜੈਸੀ ਸ਼ਖਸੀਅਤ ਨੂੰ ਹੀ ਸ਼ੋਭਦਾ ਹੈ। ਗੁਰ ਫੁਰਮਾਨ ਹੈ -

*ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ,*
*ਅਨਦਿਨੋ ਮੋਹਿ ਆਹੀ ਪਿਆਸਾ॥ ਅੰਗ - ੬੬੩*

ਗੁਰੂ ਘਰ ਅੰਦਰ ਜਿਹੜਾ ਮਾਣ ਪੰਜਾਂ ਤੱਤਾਂ ਵਿਚੋਂ ਜਲ ਨੂੰ ਮਿਲਿਆ ਹੈ, ਉਸ ਦੀ ਆਭਾ ਹੀ ਵੱਖਰੀ ਹੈ। ਸੰਸਾਰ ਵਿੱਚ ਇਸ ਤੋਂ ਵੱਧ ਉੱਚੀ ਪਦਵੀ ਕਿਹੜੀ ਹੋ ਸਕਦੀ ਹੈ ਕਿ ਗੁਰਚਰਨਾਂ ਦੀ ਛੁਹ ਸਦਕੇ ਸਾਧਾਰਨ ਜਲ ਚਰਣਾਮ੍ਰਿਤ ਵਿਚ ਬਦਲ ਗਿਆ। ਭਾਈ ਗੁਰਦਾਸ ਜੀ ਦੇ ਬਚਨ ਹਨ:

*ਚਰਨ ਧੋਇ ਰਹਰਾਸਿ ਕਰਿ*
*ਚਰਣਾਮ੍ਰਿਤੁ ਸਿਖਾਂ ਪੀਲਾਇਆ। (ਵਾਰ ੧/੨੩)*

ਇਹ ਚਰਣਾਮ੍ਰਿਤਾ ਗੁਰਸਿਖੀ ਦੀ ਦੀਖਿਆ ਲਈ ਰਸਮ ਸੀ, ਗੁਰਮੰਤਰ ਦੀ ਦਾਤ ਪ੍ਰਾਪਤ ਕਰਨ ਲਈ ਗੁਰਮਤਿ ਮਰਯਾਦਾ ਸੀ ਤੇ ਭਵਸਾਗਰ ਤੋਂ ਪਾਰ ਹੋਣ ਲਈ ਬੇੜੇ ਦੇ ਚੜ੍ਹਨ ਦੀ ਟਿਕਟ ਸੀ। ਸਤਿਗੁਰੂ ਜੀ ਦੇ ਪਾਵਨ ਸਰੋਵਰ ਵਿੱਚ ਇਸ਼ਨਾਨ ਕਰਨ ਦੀਆਂ ਬਰਕਤਾਂ ਬਾਰੇ ਗੁਰ ਫੁਰਮਾਨ ਹੈ -

*ਬਿਹਾਗੜਾ ਮਹਲਾ ੫॥*
*ਹਰਿ ਚਰਣ ਸਰੋਵਰ ਤਹ ਕਰਹੁ ਨਿਵਾਸੁ ਮਨਾ॥*
*ਕਰਿ ਮਜਨੁ ਹਰਿ ਸਰੇ ਸਭਿ ਕਿਲਬਿਖ ਨਾਸੁ ਮਨਾ॥*
*ਅੰਗ - ੫੪੪-੪੫*

ਹਰੀ ਦੇ ਸਰੋਵਰ ਵਿੱਚ ਅੰਤਰ ਗਤਿ ਇਸ਼ਨਾਨ ਕਰਨ ਤੇ ਸਭ ਕਿਲਬਿਖ ਪਾਪ ਲਹਿ ਜਾਂਦੇ ਹਨ। ਇਸ ਦੇ ਨਾਲ ਹੀ ਨਿਰਗੁਣ ਪਰਮਾਤਮਾ ਵਿੱਚ ਅਭੇਦਤਾ ਲਈ ਇਸ ਤੋਂ ਵੱਧ ਹੋਰ ਕੋਈ ਰਹੁ ਰੀਤੀ ਨਹੀਂ। ਭਾਈ ਗੁਰਦਾਸ ਜੀ ਕਲਮ ਬੰਦ ਕਰਦੇ ਹਨ :

*ਗੁਰ ਭਾਈ ਸੰਤੁਸਟਿ ਕਰਿ*
*ਚਰਣਾਮ੍ਰਿਤੁ ਲੈ ਮੁਖਿ ਪਿਵੇਹੀ॥*
*ਪੈਰੀ ਪਵਣੁ ਨ ਛੋਡੀਐ*
*ਕਲੀ ਕਾਲਿ ਰਹਰਾਸਿ ਕਰੇਹੀ॥ (ਵਾਰ ੧-ਪਉੜੀ ੩)*

੧੬੯੯ ਦੀ ਵੈਸਾਖੀ ਵਾਲੇ ਦਿਨ ਗੁਰਦੀਖਿਆ ਦੇਣ ਸਮੇਂ ਚਰਨਾਮ੍ਰਿਤ ਦੀ ਪਰੰਪਰਾ ਨੇ ਇੱਕ ਅਨੋਖਾ ਤੇ ਇਤਿਹਾਸਕ ਰੂਪ ਧਾਰਨ ਕੀਤਾ। ਦਸ਼ਮੇਸ਼ ਪਿਤਾ ਜੀ ਨੇ 'ਵਾਹਿਗੁਰੂ ਗੁਰਮੰਤਰ ਹੈ ਜਪਿ ਹਉਮੈ ਖੋਈ' ਨੂੰ ਪੂਰਨ ਸਤਿਕਾਰ ਦਿੰਦਿਆਂ ਗੁਰਮੰਤਰ ਨਹੀਂ ਬਦਲਿਆ, ਪ੍ਰੰਤੂ ਚਰਨਾਮ੍ਰਿਤ ਦੇਣ ਦੀ ਪਰੰਪਰਾ ਨੂੰ ਕਤਈ ਖਤਮ ਕਰਕੇ ਨਵੀਨ ਪਰੰਪਰਾ ਖੰਡੇ ਬਾਟੇ ਦੀ ਪਾਹੁਲ ਆਰੰਭ ਕੀਤੀ।

*ਪੀਵਹੁ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ॥*
*(ਭਾਈ ਗੁਰਦਾਸ ਸਿੰਘ)*

ਕਿਹਨਾਂ ਤੱਤਾਂ ਨੂੰ ਮੁੱਖ ਰੱਖਦਿਆਂ ਗੁਰਦੇਵ ਜੀ ਨੇ ਇਨਕਲਾਬੀ ਰਸਮ ਚਾਲੂ ਕੀਤੀ, ਦਸਮੇਸ਼ ਪਿਤਾ ਆਪ ਹੀ

ਜਾਣਦੇ ਸਨ, ਪਰ ਇਹ ਸਚਾਈ ਹੈ ਕਿ ਵਿਗਿਆਨਕ ਪੱਖ ਤੋਂ ਸੰਪੂਰਨ ਵਿਧੀ ਦੀ ਰੂਪ ਰੇਖਾ ਦਾ ਅਜਿਹਾ ਚਿਤ੍ਰ ਕੇਵਲ ਆਪ ਜੀ ਦੇ ਹੀ ਰੌਸ਼ਨ ਦਿਮਾਗ ਅੰਦਰ ਉਲੀਕਿਆ ਹੋਇਆ ਸੀ।

ਇਸ ਵਿੱਚ ਅੱਤਕਥਨੀ ਨਹੀਂ ਕਿ ਬਦਨਸੀਬ ਭਾਰਤਵਰਸ਼ ਦੇ ਸੁੱਤੇ ਭਾਗ ਜਗਾਉਣ ਵਾਲਾ ਕੋਈ ਨਜ਼ਰ ਨਹੀਂ ਆਉਂਦਾ ਸੀ। ਇਸ ਦੀ ਕਿਸਮਤ ਦੀ ਬਾਗ ਡੋਰ ਕੇਵਲ ਮੁਗਲ ਹਕੂਮਤ ਦੇ ਹੱਥ ਸੀ। ਹਿੰਦ ਦੀ ਧਰਤੀ ਦੀ ਪੁਕਾਰ ਅਨਸੁਣੀ ਰਹੀ। ਇਸ ਦਾ ਆਸਾ-ਭਰੋਸਾ ਐਸੇ ਇਨਕਲਾਬੀ ਸੂਰਮੇ ਤੇ ਸੀ ਜਿਹੜਾ ਨਾ ਕੇਵਲ ਆਪ ਅਣਖ ਦਾ ਪੁਤਲਾ ਸੂਰਬੀਰ, ਵਰਿਆਮ ਜੋਧਾ ਹੋਵੇ ਬਲਕਿ ਨਿਤਾਣੀ, ਲਿਤਾੜੀ ਬੁਜ਼ਦਿਲ ਗੁਲਾਮ ਕੌਮ ਨੂੰ ਨਿਰਭੈਤਾ, ਦਲੇਰੀ ਦੇ ਬੀਰ-ਰਸ ਦਾ ਜਾਮ ਪਿਲਾਉਣ ਦੀ ਸਮੱਰਥਾ ਰੱਖਦਾ ਹੋਵੇ। ਅਕਾਲ ਪੁਰਖ ਨੇ ਹਜ਼ੂਰ ਨੂੰ ਹਰੇਕ ਪੱਖੋਂ ਯੋਗ ਜਾਣ ਕੇ ਹੀ ਇਸ ਸੰਸਾਰ ਵਿੱਚ ਭੇਜਿਆ ਸੀ। ਆਪ ਜੀ ਦੀ ਗਤੀਸ਼ੀਲ ਸ਼ਖਸੀਅਤ ਦੇ ਵਧੀਕ ਉੱਭਰਦੇ ਪੱਖ ਚੜ੍ਹਦੀ ਕਲਾ, ਅੰਗ ਅੰਗ ਵਿੱਚ ਪਾਵਨ ਨਿੱਚਲਾਪਨ, ਨਿਰਮਲਤਾ, ਸ਼ਕਤੀ, ਦ੍ਰਿੜ੍ਹਤਾ ਤੇ ਜੀਅ ਦਾਨ ਭਰੀ ਕ੍ਰਾਂਤੀ ਆਦਿਕ ਸਨ ਜਿਨ੍ਹਾਂ ਨੇ ਖੰਡੇ ਬਾਟੇ ਦੇ ਅੰਮ੍ਰਿਤ ਦੁਆਰਾ ਮੁਰਦਿਆਂ ਨੂੰ ਜਿਵਾਇਆ, ਮਿਰਤਕਾਂ ਦੇ ਤਨ ਵਿਚ ਨਵਾਂ ਸਾਹ ਪਾਇਆ, ਬੁਜ਼ਦਿਲਾਂ ਨੂੰ ਸ਼ੇਰਾਂ ਵਿਚ ਬਦਲਿਆ ਤੇ ਗੁਲਾਮੀ ਜ਼ਹਿਨੀਅਤ ਵਿਚ ਰਾਜ ਕਰਨ ਦੀ ਆਸ਼ਾ ਦਾ ਦੀਵਾ ਜਗਾਇਆ।

ਚਰਨ ਕਮਲ ਦੀ ਪਾਹੁਲ ਨੇ ਹਉਮੈ ਤਿਆਗਣ ਤੇ ਨਿਮਰਤਾ ਗ੍ਰਹਿਣ ਕਰਨ ਦੀ ਦਾਤ ਬਖਸ਼ੀ, ਉੱਚੇ ਹੰਕਾਰੀ ਸਿਰ ਨੂੰ ਨੀਵੇਂ ਚਰਨਾਂ ਤੇ ਝੁਕਾ ਕੇ ਨਉ ਨਿਧਿ ਨਾਮ ਗਰੀਬੀ ਦੀ ਬਖਸ਼ਸ਼ ਝੋਲੀ ਵਿਚ ਪਾਈ, ਪਰਉਪਕਾਰ ਲਈ ਤਨ, ਮਨ, ਧਨ ਨਿਛਾਵਰ ਕਰਨ ਦੇ ਗੁਣ ਭਰੇ, ਸ਼ਾਂਤ ਸਹਜ ਅਵਸਥਾ ਵਿਚ ਵਿਚਰਦਿਆਂ ਨਾਮ ਰਸ ਚੱਖਣ ਲਈ ਦਿੱਤਾ।

ਸ਼ਾਂਤੀ ਦੇ ਅਵਤਾਰ ਗੁਰੂਆਂ ਨੇ ਮਾਣ ਹੁੰਦਿਆਂ ਨਿਮਾਣੇ ਬਣ ਕੇ ਰਹਿਣ ਦਾ ਨਮੂਨਾ ਪੇਸ਼ ਕੀਤਾ, ਭਾਣਾ ਮੰਨਣ ਦਾ ਗੁਰੂ ਨਾਨਕ ਜੀ ਦੀ ਦਸਵੀ ਜੋਤਿ ਨੇ ਨਿਰਣਾ ਕੀਤਾ ਹੋਇਆ ਸੀ ਕਿ ਦੇਹ-ਧਾਰੀ ਗੁਰੂਆਂ ਦੀ ਪਰੰਪਰਾ ਖਤਮ ਕਰਕੇ ਸ਼ਬਦ-ਗੁਰੂ ਨੂੰ ਜੁਗੋ ਜੁਗ ਅਟੱਲ, ਸਦੀਵੀ ਗੁਰ ਗੱਦੀ ਦੇਣੀ ਹੈ, ਸੋ ਅੰਮ੍ਰਿਤ ਵੀ ਇਸ ਵਿਧੀ ਨਾਲ ਤਿਆਰ ਕੀਤਾ ਜਾਵੇ ਕਿ ਕੋਈ ਇਕੱਲਾ ਮਹਾਂ ਪੁਰਸ਼, ਚਾਹੇ ਕਿੰਨੀ ਵੀ ਭਗਤੀ ਤੇ ਸ਼ਕਤੀ ਦਾ ਮਾਲਕ ਹੋਵੇ, ਗੁਰਮੰਤਰ ਦੇ ਕੇ ਗੁਰੂ ਡੰਮ ਦਾ ਸਿਲਸਿਲਾ ਨਾ ਚਲਾ ਸਕੇ। ਸਪੱਸ਼ਟ ਹੈ ਕਿ ਚਰਨਾਮ੍ਰਿਤ ਤਾਂ ਇਕੱਲਾ ਪੁਰਸ਼ ਵੀ ਤਿਆਰ ਕਰ ਸਕਦਾ ਹੈ ਤੇ ਭੋਲੀ ਭਾਲੀ ਸੰਗਤ ਨੂੰ ਗੁਮਰਾਹ ਕਰ ਸਕਦਾ ਹੈ ਪਰ ਖੰਡੇ ਦੇ ਅੰਮ੍ਰਿਤ ਲਈ ਪੰਜ ਨਾਮ ਅਭਿਆਸੀ ਸਿੰਘ ਤੇ ਇੱਕ ਹੋਰ ਪੂਰਨ ਗੁਰਸਿੱਖ ਦਾ ਹੋਣਾ ਜ਼ਰੂਰੀ ਹੈ, ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ ਵਿੱਚ।

ਸ਼ਬਦ 'ਅੰਮ੍ਰਿਤ ਜਲ' ਤਾਂ ਪਹਿਲਾਂ ਹੀ ਪ੍ਰਚਲਤ ਸੀ ਤੇ ਇਸ ਦੀ ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਰ ਬਾਰ ਦ੍ਰਿੜਾਈ ਹੋਈ ਸੀ। ਗੁਰਦੇਵ ਜੀ ਨੇ ਸੁੱਚੇ ਜਲ ਵਿੱਚ ਪਤਾਸਿਆਂ ਦੀ ਮਿਠਾਸ ਭਰ ਕੇ ਨਾਮ-ਰਸ ਦੀ ਮਿੱਠਤ ਨੂੰ ਬਾਹਰਲਾ ਸਰੂਪ ਵੀ ਦਿੱਤਾ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਕੁਕਰਮਾਂ ਦੇ ਸੰਘਾਰਨ ਲਈ ਹਥਿਆਰਾਂ ਨੂੰ ਪਰਯੋਗ ਵਿੱਚ ਲਿਆਂਦਾ ਸੀ। ਇਹ ਸਨ, ਨਿੰਮਰਤਾ-ਸੁਭਾਉ ਗੁਰਜ ਤੇ ਸਭ ਦੀ ਚਰਨ-ਧੂੜ ਬਣੇ ਰਹਿਣ ਦਾ ਖੰਡਾ।

***ਸੋਰਠਿ ਮਹਲਾ ੫॥***
***ਗਰੀਬੀ ਗਦਾ ਹਮਾਰੀ॥***
***ਖੰਨਾ ਸਗਲ ਰੇਨੁ ਛਾਰੀ॥***
***ਇਸੁ ਆਗੈ ਕੋ ਨ ਟਿਕੈ ਵੇਕਾਰੀ।***
***ਗੁਰ ਪੂਰੇ ਏਹ ਗਲ ਸਾਰੀ ॥੧॥ ਅੰਗ - ੬੨੮***

ਦਸ਼ਮੇਸ਼ ਪਿਤਾ ਨੇ ਖੰਡੇ ਦੀ ਗੁਪਤ ਸ਼ਕਤੀ ਨੂੰ ਇਸ ਵਿਧੀ ਨਾਲ ਪ੍ਰਗਟਾਇਆ ਕਿ ਇਸ ਦੀ ਮਹਿਮਾ ਸਗਲ ਬ੍ਰਹਮੰਡ ਵਿੱਚ ਉਜਾਗਰ ਹੋ ਗਈ। ਕਾਮਲ ਵੈਦ ਵਿੱਚ ਰੋਗ ਪਛਾਨਣ ਤੇ ਸਹੀ ਦੁਆਈ ਦੇਣ ਦੀ ਨਿਪੁੰਨਤਾ ਹੁੰਦੀ ਹੈ। ਆਪ ਜੀ ਦਾ, ਖੰਡੇ ਦਾ ਅੰਮ੍ਰਿਤ, ਉਹ ਸ੍ਰੇਸ਼ਟ ਔਸ਼ਧੀ ਹੈ ਜਿਸ ਵਿੱਚ ਸਮੁੱਚੀ ਇਨਸਾਨੀਅਤ ਵਿੱਚ ਕਾਇਆ ਕਲਪ ਕਰਨ ਵਾਲੇ ਤੇ ਨਵਜੀਵਨ ਪ੍ਰਦਾਨ ਕਰਨ ਵਾਲੇ ਸਾਰੇ ਗੁਣ ਮੌਜੂਦ ਹਨ। ਇਸ ਦੀ ਅਗੰਮੀ ਕਲਾ ਨੇ ਸਿੱਖਾਂ ਨੂੰ ਜੰਗਜੂ ਕੌਮ ਬਣਾਇਆ ਜਿਸ ਵਿੱਚ ਸੰਤ ਸਿਪਾਹੀਆਂ ਦੀ ਸੈਨਾ ਖੜ੍ਹੀ ਕਰ ਦਿੱਤੀ। ਮੁਗਲ ਹਕੂਮਤ ਨੂੰ ਜੜ੍ਹ ਤੋਂ ਉਖਾੜਨ ਬਾਅਦ ਸਬਕ ਪੜ੍ਹਾਇਆ, ਸ਼ਹਿਨਸ਼ੀਲਤਾ ਦੀ ਤਾਂ ਹੱਦ ਮੁਕਾ ਦਿੱਤੀ, ਨਿਸ਼ਕਾਮ ਕੁਰਬਾਨੀ ਦੀ ਜਾਂਚ, ਅਮਲੀ ਰੂਪ ਵਿੱਚ ਸਿਖਾਲੀ। ਦੋ ਗੁਰੂ ਵਿਅਕਤੀਆਂ ਦੀਆਂ ਮਹਾਨ ਸ਼ਹਾਦਤਾਂ ਹੋਈਆਂ, ਗੁਰ ਸਿੱਖਾਂ ਨੇ ਵੀ ਹੱਸ ਹੱਸ ਕੇ ਜਾਨਾਂ ਵਾਰੀਆਂ ਪਰ ਨਿਰਦਈ ਹਾਕਮਾਂ ਦੀ ਪੱਥਰ ਆਤਮਾ ਮੂਲੋਂ ਨਹੀਂ ਦ੍ਰਵੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਗੇ ਇਕ ਤਕੜੀ ਚੁਨੌਤੀ ਸੀ। ਚੱਟਾਨ ਨਾਲ ਟਕਰਾਉ ਹੋਣਾ ਸੀ, ਜ਼ੁਲਮ ਦੀ ਨਦੀ ਨੂੰ ਠੱਲ੍ਹ ਪਾਉਣੀ ਸੀ। ਬਾੜ ਨੂੰ ਖੇਤ ਖਾਣ ਤੋਂ ਰੋਕਣਾ ਸੀ ਤੇ ਬਾਜ਼ਾਂ ਨਾਲ ਲੜਾਉਣ ਲਈ ਚਿੜੀਆਂ ਵਿੱਚ ਸ਼ਕਤੀਸ਼ਾਲੀ ਫੌਲਾਦੀ ਸਪਿਰਟ ਦਾ ਇੰਜੈਕਸ਼ਨ ਲਾਉਣਾ ਸੀ।

ਦਸ਼ਮੇਸ਼ ਪਿਤਾ ਜੀ ਨੇ ਕਿੰਨਾ ਕੁੱਝ ਤੱਕਿਆ ਤੇ ਵਿਚਾਰਿਆ ਹੋਵੇਗਾ, ਬਾਬਾ ਫਰੀਦ ਜੀ ਦੇ ਬਚਨ -

***ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ॥***
***ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥੭॥***
***ਅੰਗ - ੧੩੭੮***

ਦੀ ਅੱਤ ਜ਼ੁਲਮ ਦੇ ਮਾਹੌਲ ਵਿਚ ਪਾਲਣਾ ਕਰ ਕੇ ਵੀ ਦੇਖ ਲਈ ਸੀ। ਪਾਪ ਖੰਡਣ ਦੀ ਜੁਗਤੀ ਨਾਲ ਪਾਪੀ ਦਾ ਪਾਪ ਘਟਿਆ ਨਹੀਂ ਸੀ, ਹੁਣ ਪਾਪੀਆਂ ਤੇ ਦੁਸ਼ਟਾਂ ਨੂੰ ਸੰਘਾਰਨਾ, ਵਕਤ ਦੀ ਆਵਾਜ਼ ਸੀ। ਉਹ ਅਹਿੰਸਾ ਕਿਸ ਲੇਖੇ ਜਿਸ ਨਾਲ ਆਪਣੀ ਹਿੰਸਾ ਹੁੰਦੀ ਹੋਵੇ। ਹਿੰਸਾ ਨੂੰ ਖਤਮ ਕਰਨ ਲਈ ਹਿੰਸਾ ਦਾ ਪ੍ਰਯੋਗ ਕਰਨਾ ਆਵੱਸ਼ਕ ਸੀ। ਸਭ ਬਿਮਾਰੀਆਂ ਦੀ ਜੜ੍ਹ, ਭੈ ਤੇ ਨਿਰਬਲਤਾ ਨੂੰ ਹਿਰਦੇ ਵਿਚੋਂ ਬਾਹਰ ਕੱਢਣਾ ਸਹੀ ਇਲਾਜ ਸੀ।

ਮਹਾਨ ਕ੍ਰਾਂਤੀਕਾਰ ਕਲਗੀਧਰ ਪਾਤਸ਼ਾਹ ਨੇ ਅਧਿਆਤਮਕ, ਮਾਨਸਕ ਤੇ ਸਰੀਰਕ ਖੇਤਰ ਵਿੱਚ ਚਕ੍ਰਿਤ ਭਰਿਆ ਇਨਕਲਾਬ ਲਿਆਂਦਾ। ਚੜ੍ਹਦੀ ਕਲਾ ਦਾ ਮੀਂਹ ਵਰਸਾਉਣ ਵਾਲਾ ਖੰਡੇ ਦਾ ਅੰਮ੍ਰਿਤ ਆਪਣੇ ਹਸਤ ਕਮਲਾਂ ਨਾਲ ਤਿਆਰ ਕੀਤਾ, ਗੁਰਸਿੱਖ ਤੋਂ ਖਾਲਸਾ ਬਣਾਇਆ, ਦੁਨਿਆਵੀ ਰਿਸ਼ਤਿਆਂ ਦਾ ਭਰਮ ਜਾਲ ਤੋੜ ਕੇ ਗੁਰ ਚੇਲੇ ਦਾ, ਪਿਉ-ਪੁੱਤਰ ਦਾ ਸੱਚਾ ਰਿਸ਼ਤਾ ਕਾਇਮ ਕੀਤਾ। ਜੇ ਚਿੜੀਆਂ ਨੇ ਅੰਮ੍ਰਿਤ ਦਾ ਘੁੱਟ ਪੀਤਾ ਤਾਂ ਉਨ੍ਹਾਂ ਦੇ ਸਰੀਰ ਵਿੱਚ ਬਾਜਾਂ ਤੇ ਟੁੱਟ ਪੈਣ ਦੀ ਸ਼ਕਤੀ ਉਤਪੰਨ ਹੋ ਗਈ। ਸੰਗਤਾਂ ਨੇ ਇਹੋ ਜਿਹੀਆਂ ਘਟਨਾਵਾਂ ਆਪਣੀਆਂ ਅੱਖਾਂ ਨਾਲ ਤੱਕੀਆਂ। ਅੰਗਰੇਜ਼ੀ ਰਾਜ ਦਾ ਤਖਤਾ ਪਲਟਣ ਵਿੱਚ ਸਿੱਖ ਕੌਮ ਨੇ ਜਿਹੜੀ ਬਹਾਦਰੀ ਦਾ ਪ੍ਰਗਟਾਵਾ ਕੀਤਾ ਤੇ ਕੁਰਬਾਨੀ ਕੀਤੀ, ਉਹ ਆਪਣੇ ਆਪ ਵਿੱਚ ਬੇਮਿਸਾਲ ਹੈ।

ਇਸ ਅਲੌਕਿਕ ਪਰੰਪਰਾ ਤੋਂ ਪਹਿਲਾਂ ਸਤਿਗੁਰੂ ਜੀ ਦੇ ਚਰਨ ਕਮਲਾਂ ਦੀ ਛੁਹ ਦੁਆਰਾ ਜਲ ਤੋਂ ਅੰਮ੍ਰਿਤ ਜਲ ਤਿਆਰ ਹੁੰਦਾ ਸੀ। ਖੰਡੇਧਾਰ ਪਾਹੁਲ ਵਿੱਚ ਮੁੱਖ ਅੰਸ਼ ਬਾਣੀ ਦਾ ਸਪਰਸ਼ ਹੈ। ਨਾਮ-ਰਸ ਦਾ ਸੰਚਾਰ ਹੈ। ਪੰਜਾਂ ਪਿਆਰਿਆਂ ਦੇ ਦਸਾਂ ਹੱਥਾਂ ਦੀ ਛੁਹ ਵਿੱਚ ਕਲਗੀਧਰ ਪਾਤਸ਼ਾਹ ਦੀ ਨਿੱਜੀ ਬਖਸ਼ਸ਼ ਤੇ ਕਰਾਮਾਤ ਛੁਪੀ ਹੋਈ ਹੈ। ਖੰਡੇ ਬਾਟੇ ਦੀ ਆਪਸੀ ਰਗੜ ਤੋਂ ਆਤਮਕ ਬਿਜਲੀ ਦੀ ਜਿਹੜੀ ਧਾਰਾ ਉਤਪੰਨ ਹੁੰਦੀ ਹੈ ਉਹ ਜੀਵ ਦੀ ਪੁਰਾਣੀ ਜਿੰਦਗੀ ਦੇ ਪ੍ਰਭਾਵ ਨੂੰ ਖਤਮ ਕਰਕੇ ਅਬਿਚਲ ਨਗਰ ਦਾ ਵਾਸੀ ਬਣਾਉਂਦੀ ਹੈ।

ਦੋ ਧਾਰਾ ਖੰਡਾਂ ਦੋਹਾਂ ਪਾਸਿਆਂ ਤੋਂ ਖੰਡਨ ਕਰਨ ਵਾਲਾ ਹਥਿਆਰ ਹੈ। ਇਹ ਅਕਾਲ ਪੁਰਖ ਦੀ ਸਰਬ ਸ਼ਕਤੀਮਾਨ ਹਸਤੀ ਦਾ ਸੂਚਕ ਹੈ। ਗੁਰਦੇਵ ਜੀ ਨੇ ਚੰਡੀ ਦੀ ਵਾਰ ਦੀ ਅਰੰਭਤਾ 'ਖੰਡਾ ਪ੍ਰਿਥਮੈ ਸਾਜ ਕੈ ਜਿਨਿ ਸਭੁ ਸੰਸਾਰੁ ਉਪਾਇਆ' ਨਾਲ ਕੀਤੀ ਹੈ। ਕਾਇਰਤਾ ਨੂੰ ਹੂੰਝ ਕੇ ਮਨ ਵਿਚੋਂ ਕੱਢਣ ਤੇ ਬੀਰ ਰਸ ਭੁੰਚਣ ਲਈ ਇਸ ਦੇ ਪਾਠ ਕਰਨ ਦੀ ਰਵਾਇਤ ਗੁਰਸਿੱਖਾਂ ਵਿੱਚ ਹੈ।

ਇਹ ਕਲਗੀਧਰ ਪਾਤਸ਼ਾਹ ਦੀ ਮਹਾਨ ਸਖਸ਼ੀਅਤ ਦਾ ਪ੍ਰਭਾਵ ਸੀ, ਨਦਰਿ ਰਹਿਮਤ ਸੀ, ਖੰਡੇ ਦੇ ਅੰਮ੍ਰਿਤ ਦੀ ਜਾਦੂਮਈ ਸ਼ਕਤੀ ਸੀ, ਗੁਰਉਪਦੇਸ਼ ਦੀ ਜ਼ਾਹਰਾ ਕਲਾ ਸੀ ਜਾਂ ਇਲਾਹੀ ਫੁਰਮਾਨ ਸੀ, ਜਾਂ ਸਭ ਕੁਝ ਸੀ ਕਿ ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਥਾਪੜਾ ਪ੍ਰਾਪਤ ਕਰਕੇ ਪੰਜਾਬ ਵਿਚ ਮੁਗਲ ਸੈਨਾ ਵਿੱਚ ਉਹ ਤਰਥੱਲੀ ਮਚਾਈ ਕਿ ਇਸ ਸੂਰਮੇ ਜਰਨੈਲ ਦਾ ਨਾਉ ਆਫਤੇ ਆਸਮਾਨੀ ਅਰਥਾਤ 'ਰੱਬੀ ਕਹਿਰ' ਪੈ ਗਿਆ।

ਅੰਤ ਵਿੱਚ ਇਹ ਕਹਿਣਾ ਵੀ ਵਾਜਬ ਹੈ ਕਿ ਮੁਗਲ ਕਾਲ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਜਿੰਨੀਆਂ ਵੀ ਹਕੂਮਤਾਂ ਆਈਆ ਉਹ ਸਾਰੀਆਂ, ਅੰਮ੍ਰਿਤ ਦੀ ਸ਼ਕਤੀ ਤੇ ਇਸ ਤੋਂ ਉਪਜੀ ਦ੍ਰਿੜ੍ਹਤਾ, ਇਰਾਦਾ ਸ਼ਕਤੀ ਤੇ ਨਿਰਭੈਤਾ ਨੂੰ ਮਾਨਤਾ ਦਿੰਦੀਆਂ ਆਈਆਂ ਹਨ। ਉਹ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਸਵੀਕਾਰ ਕਰਦੀਆਂ ਆਈਆਂ ਹਨ ਕਿ ਜਿਸ ਕਾਰਜ ਵਿੱਚ ਦੁਸ਼ਟ ਸੋਧਣ ਦਾ ਅੰਸ਼ ਹੋਵੇ, ਗੁਰ ਅਸਥਾਨ ਦੀ ਬੇਅਦਬੀ ਦਾ ਪ੍ਰਸ਼ਨ ਹੋਵੇ, ਅਨਾਥਾਂ ਦੇ ਨਾਥ ਬਣ ਕੇ ਬਾਂਹ ਪਕੜਨ ਦਾ ਸਵਾਲ ਹੋਵੇ ਜਾਂ ਅਣਖ ਭਰੀ ਜਿੱਤ ਪ੍ਰਾਪਤ ਕਰਨ ਦੀ ਸਮੱਸਿਆ ਹੋਵੇ ਤੇ ਉਸ ਦਾ ਹਲ ਕਠਨ ਤੇ ਅਸੰਭਵ ਜਾਪਦਾ ਹੋਵੇ, ਉੱਥੇ ਖੰਡੇਧਾਰ ਅੰਮ੍ਰਿਤ ਪਾਨ ਕਰਨ ਵਾਲੇ ਗੁਰਸਿੱਖਾਂ ਦੀ ਅਰਦਾਸ, ਜੁਗਤਿ ਤੇ ਹਿੰਮਤ ਬਦੌਲਤ, ਸਫਲਤਾ ਆਪ ਆ ਕੇ ਚਰਨ ਚੁੰਮਦੀ ਹੈ।

# ਤਬ ਖਾਲਸ ਤਾਹਿ ਨਖਾਲਸ ਜਾਨੈ

*[ਡਾ. ਪਰਮਜੀਤ ਕੌਰ ਜੀ]*

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕਰਨ ਤੋਂ ਬਾਅਦ ਗੁਰਸਿੱਖਾਂ ਨੂੰ ਤਾਕੀਦ ਕੀਤੀ ਸੀ ਕਿ ਜਦੋਂ ਤੱਕ ਗੁਰਸਿੱਖ ਪਖੰਡ ਤੋਂ ਰਹਿਤ ਹੈ, ਬ੍ਰਾਹਮਣ ਵਾਲੀਆਂ ਨੀਤੀਆਂ ਕੁਰੀਤੀਆਂ ਤੋਂ ਬਚਿਆ ਹੋਇਆ ਹੈ, ਤਦੋਂ ਤਕ ਹੀ ਖਾਲਸਾ ਹੈ, ਪਖੰਡਾਂ ਵਿੱਚ ਰੁੱਝੇ ਸਿੱਖ ਵਿੱਚ ਮੇਰਾ ਵਿਸ਼ਵਾਸ ਨਹੀਂ -

*ਜਬ ਲਗ ਖਾਲਸਾ ਰਹੈ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨਾ ਕਰੋਂ ਇਨ ਦੀ ਪ੍ਰਤੀਤ॥ (ਸਰਬ ਲੋਹ ਗ੍ਰੰਥ)*

ਜਿਹੜਾ ਇਕ ਪਰਮਾਤਮਾ ਦੀ ਹੀ ਉਪਾਸ਼ਨਾ ਕਰਦਾ ਹੈ, ਪ੍ਰਭੂ ਦਾ ਨਾਮ ਹੀ ਦਿਨ ਰਾਤ ਜਪਦਾ ਹੈ, ਇਕ ਅਕਾਲ ਪੁਰਖ ਤੇ ਹੀ ਪੂਰਨ ਵਿਸਵਾਸ਼ ਕਰਦਾ ਹੈ, ਪ੍ਰਭੂ ਦੇ ਡਰ-ਅਦਬ ਵਿਚ ਰਹਿੰਦਾ ਹੈ, ਉਹੀ ਖਾਲਸਾ ਹੈ। ਅਕਾਲ ਪੁਰਖ ਦੇ ਬਰਾਬਰ ਕੋਈ ਵੀ ਨਹੀਂ -

*ਅਵਰ ਨ ਦੀਸੈ ਕਿਸੁ ਸਾਲਾਹੀ ਤਿਸਹਿ ਸਰੀਕੁ ਨ ਕੋਈ॥*
*ਅੰਗ - ੫੯੭*

ਪਰਮਾਤਮਾ ਦੇ ਬਿਨਾਂ ਹੋਰ ਕੋਈ ਸਹਾਈ ਵੀ ਨਹੀਂ-

*ਏਕੁ ਸਿਮਰਿ ਮਨ ਮਾਹੀ॥੧॥ਰਹਾਉ॥*
*ਨਾਮੁ ਧਿਆਵਹੁ ਰਿਦੈ ਬਸਾਵਹੁ*
*ਤਿਸੁ ਬਿਨੁ ਕੋ ਨਾਹੀ॥੧॥ ਅੰਗ - ੪੦੭*

ਪਰਮਾਤਮਾ ਦਾ ਨਾਮ ਸਿਮਰਨ ਕਰਨਾ ਹੀ ਅਸਲ ਧਾਰਮਿਕ ਕਰਮ-ਧਰਮ ਹੈ -

*ਕਰਮ ਧਰਮ ਇਹੁ ਤਤੁ ਗਿਆਨੁ॥*
*ਸਾਧਸੰਗਿ ਜਪੀਐ ਹਰਿ ਨਾਮੁ॥ ਅੰਗ - ੮੯੬*

ਦੇਵੀ ਦੇਵਤਾ, ਦੇਹਧਾਰੀ ਗੁਰੂਆਂ, ਬਨਾਉਟੀ ਸੰਤਾਂ, ਮੜ੍ਹੀ, ਮਸਾਣੀ, ਆਦਿਕ ਦੀ ਪੂਜਾ ਗੁਰਮਤਿ ਵਿਚ ਵਰਜਿਤ ਹੈ।

*ਦੁਬਿਧਾ ਨ ਪੜਉ ਹਰਿ ਬਿਨੁ*
*ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥*
*ਅੰਗ - ੬੩੪*

ਜਿਹੜਾ ਇੱਕ ਪਰਮਾਤਮਾ ਵਿਚ ਵਿਸ਼ਵਾਸ ਨਹੀਂ ਰੱਖਦਾ ਉਹ ਦੁਬਿਧਾ ਵਿਚ ਪਿਆ ਰਹਿੰਦਾ ਹੈ ਅਤੇ ਪਖੰਡੀ ਗੁਰੂਆਂ, ਬਨਾਉਟੀ ਸੰਤਾ, ਜੋਤਸ਼ੀਆ ਆਦਿਕ ਦੇ ਚੱਕਰਾਂ ਵਿਚ ਫਸਿਆ ਰਹਿੰਦਾ ਹੈ। ਉਹ ਇਹ ਭੁੱਲ ਜਾਂਦਾ ਹੈ ਕਿ ਗੁਰਸਿੱਖ ਲਈ ਬਾਣੀ ਹੀ ਗੁਰੂ ਹੈ ਅਤੇ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਨੂੰ ਹਿਰਦੇ ਵਿਚ ਵਸਾਣ ਵਾਲੇ ਪਰਮਾਤਮਾ ਦੇ ਚੋਰ ਅਤੇ ਆਤਮਘਾਤੀ ਹਨ।

ਕ੍ਰਿਪਾਨਿਧਿ ਛੋਡਿ ਆਨ ਕਉ ਪੂਜਹਿ ਆਤਮਘਾਤੀ ਹਰਤੇ। ਐਸੇ ਮਨੁੱਖ ਗੁਰਸਿੱਖ ਖਾਲਸਾ ਨਹੀਂ ਅਖਵਾਉਂਦੇ। ਪ੍ਰਭੂ ਦੀ ਬੰਦਗੀ ਛੱਡਕੇ ਹੋਰ ਬਿਗਾਨੀ ਕਾਰ ਕਰਨ ਵਾਲਿਆਂ ਦਾ ਜੀਉਣਾ ਫਿਟਕਾਰ ਯੋਗ ਹੈ। ਐਸੇ ਮਨੁੱਖ ਮਾਨੋਂ ਅੰਮ੍ਰਿਤ ਨੂੰ ਤਿਆਗ ਕੇ ਜ਼ਹਿਰ ਇਕੱਠਾ ਕਰਨ ਵਿੱਚ ਲੱਗੇ ਰਹਿੰਦੇ ਹਨ -

*ਹੋਰ ਵਿਡਾਣੀ ਚਾਕਰੀ ਧ੍ਰਿਗੁ ਜੀਵਣੁ ਧ੍ਰਿਗ ਵਾਸੁ।*
*ਅੰਮ੍ਰਿਤੁ ਛੋਡਿ ਬਿਖੁ ਲਗੇ ਬਿਖੁ ਖਟਣਾ ਬਿਖੁ ਰਾਸਿ॥*
*ਅੰਗ - ੫੮੬*

ਇਕ ਅਕਾਲ ਪੁਰਖ ਦੀ ਅਰਾਧਨਾ ਉਪਾਸਨਾ ਅਤੇ ਸਿਮਰਨ ਕਰਨ ਵਾਲੇ ਹੀ ਸੰਸਾਰ ਸਮੁੰਦਰ ਤੋਂ ਪਾਰ ਹੁੰਦੇ ਹਨ -

*ਸੰਸਾਰੁ ਸਾਗਰੁ ਤਿਨ੍ਹੀ ਤਰਿਆ*
*ਜਿਨ੍ਹੀ ਏਕੁ ਧਿਆਇਆ॥*
*ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ*
*ਪ੍ਰਭ ਸਰਣਾਈ ਆਇਆ॥ ਅੰਗ - ੪੬੧*

ਪਰਮਾਤਮਾ ਨੂੰ ਸਿਮਰਨ ਵਾਲਾ ਆਪਣੇ ਅੰਦਰੋਂ ਕਾਮ, ਕ੍ਰੋਧ, ਮੋਹ, ਲੋਭ ਅਤੇ ਹੰਕਾਰ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ -

*ਹਰਿ ਸਿਮਰਿ ਸਿਮਰਿ ਮਾਨੁ ਮੋਹੁ ਕਟਾਹਾਂ॥*

*ਅੰਗ - ੭੪੨*

ਜਿਹੜੇ ਮਨੁੱਖ ਪਰਮਾਤਮਾ ਤੋਂ ਬਿਨਾਂ ਕਿਸੇ ਦੇਵੀ ਦੇਵਤਾ ਆਦਿਕ ਦੀ ਪੂਜਾ ਵਿੱਚ ਲੱਗੇ ਰਹਿੰਦੇ ਹਨ ਅਤੇ ਤੀਰਥ-ਇਸ਼ਨਾਨ ਆਦਿਕ ਧਾਰਮਿਕ ਕਰਮ ਮੰਨ ਕੇ ਧਾਰਮਿਕ ਹੋਣ ਦਾ ਅਹੰਕਾਰ ਕਰਦੇ ਹਨ ਉਹ ਮੋਹ ਦੇ ਬੰਧਨਾਂ ਵਿੱਚ ਜਕੜੇ ਰਹਿੰਦੇ ਹਨ, ਪਰਮਾਤਮਾ ਨੂੰ ਨਹੀਂ ਪ੍ਰਾਪਤ ਕਰ ਸਕਦੇ -

*ਪੂਜਾ ਅਰਚਾ ਬੰਦਨ ਡੰਡਉਤ*
*ਖਟੁ ਕਰਮਾ ਰਤੁ ਰਹਤਾ॥*
*ਹਉ ਹਉ ਕਰਤ ਬੰਧਨ ਮਹਿ ਪਰਿਆ*
*ਨਹ ਮਿਲੀਐ ਇਹ ਜੁਗਤਾ॥ ਅੰਗ - ੬੪੨*

ਤੀਰਥ-ਇਸਨਾਨ ਆਦਿਕ ਧਾਰਮਿਕ ਕਰਮ ਅਹੰਕਾਰ ਰੂਪ ਮੈਲ ਨੂੰ ਹੀ ਵਧਾਂਦੇ ਹਨ -

*ਕੋਟਿ ਤੀਰਥ ਮਜਨ ਇਸਨਾਨਾ*
*ਇਸੁ ਕਲਿ ਮਹਿ ਮੈਲੁ ਭਰੀਜੈ॥*
*ਸਾਧਸੰਗਿ ਜੋ ਹਰਿ ਗੁਣ ਗਾਵੈ*
*ਸੋ ਨਿਰਮਲੁ ਕਰਿ ਲੀਜੈ॥ ਅੰਗ - ੭੪੭*

ਜਿਹੜਾ ਰਾਤ ਦਿਨ ਪਰਮਾਤਮਾ ਦਾ ਨਾਮ ਜਪਦਾ ਹੈ, ਜਿਸ ਮਨੁੱਖ ਨੂੰ ਗੁਰੂ ਰਾਹੀਂ ਆਤਮਿਕ ਜੀਵਨ ਦਾ ਗਿਆਨ ਹੋ ਗਿਆ ਹੈ ਉਸ ਲਈ ਇਹ ਮਨ ਹੀ ਕਾਂਸ਼ੀ ਹੈ। ਉਸ ਦੇ ਮਨ ਵਿਚ ਹੀ ਸਾਰੇ ਤੀਰਥ ਹਨ, ਜਿਸ ਮਨ ਵਿਚ ਪਰਮਾਤਮਾ ਵੱਸਦਾ ਹੈ -

*ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ*
*ਸਤਿਗੁਰਿ ਦੀਆ ਬੁਝਾਇ॥*
*ਅਠਸਠਿ ਤੀਰਥ ਤਿਸੁ ਸੰਗਿ ਰਹਹਿ*
*ਜਿਨ ਹਰਿ ਹਿਰਦੈ ਰਹਿਆ ਸਮਾਇ॥ ਅੰਗ - ੪੯੧*

ਪਰਮਾਤਮਾ ਦੇ ਗੁਣਾਂ ਦੀ ਸਿਫਤਿ ਸਾਲਾਹ ਆਤਮਿਕ ਅਡੋਲਤਾ ਵਿੱਚ ਹੀ ਕੀਤੀ ਜਾ ਸਕਦੀ ਹੈ। ਜਿਸ ਦਾ ਮਨ ਇੱਧਰ-ਉੱਧਰ ਦੌੜਦਾ ਰਹਿੰਦਾ ਹੈ ਉਹ ਪ੍ਰਭੂ ਦੇ ਗੁਣ ਨਹੀਂ ਗਾ ਸਕਦਾ ਅਤੇ ਨਾ ਹੀ ਸ਼ੁੱਭ ਗੁਣਾਂ ਦਾ ਧਾਰਨੀ ਹੋ ਸਕਦਾ ਹੈ - 'ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ॥' (ਅੰਗ - ੫੬੫

ਇਸ ਲਈ ਜਿਹੜੇ ਮਨੁੱਖ ਭਗਤੀ ਦਾ ਵਿਖਾਵਾ ਤਾਂ ਕਰਦੇ ਹਨ ਪਰ ਮਨ ਵਸ ਵਿਚ ਨਹੀਂ ਕਰ ਸਕਦੇ ਉਹਨਾਂ ਦੀ ਕੀਤੀ ਭਗਤੀ ਨਿਸਫਲ ਹੋ ਜਾਂਦੀ ਹੈ। ਉਹ ਵੀ ਕੂੜ ਕ੍ਰਿਆ ਵਿੱਚ ਹੀ ਲੱਗੇ ਹੋਏ ਹਨ। ਜਦੋਂ ਤੱਕ ਮਨ ਛਲ-ਕਪਟ ਤੋਂ ਰਹਿਤ, ਪਵਿਤ੍ਰ ਨਾ ਹੋਵੇ, ਪ੍ਰਭੂ-ਸਿਮਰਨ ਵਿੱਚ ਟਿਕਿਆ ਨਾ ਹੋਵੇ, ਪੂਜਾ, ਪਾਠ ਕਰਨਾ ਆਦਿਕ ਪਾਖੰਡ ਬਣ ਜਾਂਦਾ ਹੈ। ਜਿਹੜਾ ਮਨੁੱਖ ਹਿਰਦੇ ਵਿੱਚ ਕਪਟ ਰੱਖਕੇ ਅੱਖਾਂ ਨੂੰ ਮੀਟ ਕੇ ਭਗਤੀ ਦਾ ਵਿਖਾਵਾ ਕਰਦਾ ਹੈ ਉਹ ਅੰਨ੍ਹਾ ਹੈ ਕਿਉਂਕਿ ਨਿਰੀਆਂ ਅੱਖਾਂ ਬੰਦ ਕਰਨ ਨਾਲ ਜੀਵਨ ਦਾ ਸਹੀ ਰਸਤਾ ਨਹੀਂ ਲੱਭ ਜਾਂਦਾ -

*ਆਂਖ ਮੂੰਦਿ ਕੋਊ ਡਿੰਭ ਦਿਖਾਵੈ॥*
*ਆਂਧਰ ਕੀ ਪਦਵੀ ਕਹਿ ਪਾਵੈ॥*
*ਆਂਖਿ ਮੀਚ ਮਗ ਸੂਝ ਨ ਜਾਈ॥*
*ਤਾਹਿ ਅਨੰਤ ਮਿਲੈ ਕਿਮ ਭਾਈ॥*
*(ਬਚਿਤ੍ਰ ਨਾਟਕ ੬/੬੨)*

ਇਸੇ ਤਰ੍ਹਾਂ ਜਿਹੜੇ ਸਿਰਫ ਸਰੀਰ ਉਤੇ ਬਨਾਉਟੀ ਭੇਖ ਧਾਰਨ ਕਰਦੇ ਹਨ ਪਰ ਮਨ ਭਟਕਦਾ ਰਹਿੰਦਾ ਹੈ, ਦੂਜਿਆਂ ਦਾ ਹੱਕ ਮਾਰਦੇ ਰਹਿੰਦੇ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚ ਫਸੇ ਰਹਿੰਦੇ ਹਨ ਉਹ ਵੀ ਪ੍ਰਮਾਤਮਾ ਦੇ ਪਿਆਰੇ ਨਹੀਂ ਹੁੰਦੇ -

*ਜੇ ਜੇ ਭੇਖ ਸੁ ਤਨ ਮੈਂ ਧਾਰੈ॥*
*ਤੇ ਪ੍ਰਭੁ ਜਨ ਕਛੁ ਕੈ ਨ ਬਿਚਾਰੈ॥*
*ਸਮਝ ਲੇਹੁ ਸਭ ਜਨ ਮਨ ਮਾਹੀ॥*
*ਡਿੰਭਨ ਮੈ ਪਰਮੇਸਰੁ ਨਾਹੀ॥ (ਬਚਿਤ੍ਰ ਨਾਟਕ ੬/ ੫੩)*

ਅਸਲ ਵਿਚ ਜਿਹੜੇ ਮਨੁੱਖ ਅਕਾਲ ਪੁਰਖ ਵਾਹਿਗੁਰੂ ਦੀ ਬੰਦਗੀ ਤਿਆਗ ਕੇ ਕੂੜ ਕ੍ਰਿਆ ਵਿੱਚ ਉਲਝੇ ਰਹਿੰਦੇ ਹਨ ਉਹ ਮਾਨੋ ਮੂਲ ਨੂੰ ਛੱਡ ਕੇ ਡਾਲੀ ਤੋਂ ਛਾਂ ਦੀ ਉਮੀਦ ਕਰਦੇ ਹਨ -

*ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ॥*
*ਅੰਗ - ੪੨●*

ਪਰ ਸਿਰਫ ਮੂੰਹੋਂ ਪਰਮਾਤਮਾ ਦਾ ਨਾਮ ਲੈਣਾ ਹੀ ਕਾਫ਼ੀ ਨਹੀਂ ਹੈ। ਪਰਮਾਤਮਾ ਦਾ ਨਾਮ ਮਨ ਵਿਚ ਵੱਸਣਾ ਚਾਹੀਦਾ ਹੈ -

*ਰਾਮ ਰਾਮ ਸਭੁ ਕੋ ਕਹੈ*
*ਕਹਿਐ ਰਾਮੁ ਨ ਹੋਇ॥*
*ਗੁਰ ਪਰਸਾਦੀ ਰਾਮੁ ਮਨਿ ਵਸੈ*
*ਤਾ ਫਲੁ ਪਾਵੈ ਕੋਇ॥ ਅੰਗ - ੪੯੧*

ਪਰਮਾਤਮਾ ਦਾ ਨਾਮ ਮਨ ਵਿੱਚ ਵਸਾਕੇ ਮਨੁੱਖ ਅਨੇਕਾਂ ਡਰਾਂ ਨਾਲ ਭਰਪੂਰ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ। ਪਰਮਾਤਮਾ ਦੇ ਚਰਣ ਮਾਨੋਂ ਸੋਹਣਾ ਜਹਾਜ ਹਨ। ਜਿਹੜਾ ਮਨੁੱਖ ਗੁਰ-ਸ਼ਬਦ ਅਨੁਸਾਰ ਜੀਵਨ-ਘਾੜਤ ਘੜਦਿਆਂ ਹਰਿ ਚਰਨਾਂ ਦੀ ਅਰਾਧਨਾ ਕਰਦਾ ਹੈ ਉਹ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ -

*ਭੈ ਸਾਗਰੋ ਭੈ ਸਾਗਰੁ ਤਰਿਆ*
*ਹਰਿ ਹਰਿ ਨਾਮੁ ਧਿਆਏ ਰਾਮ॥*
*ਬੋਹਿਥੜਾ ਹਰਿ ਚਰਣ ਅਰਾਧੇ*
*ਮਿਲਿ ਸਤਿਗੁਰ ਪਾਰਿ ਲੰਘਾਏ ਰਾਮ॥ ਅੰਗ - ੭੮੨*

ਇਸ ਲਈ ਮਨ ਨੂੰ ਪਵਿਤ੍ਰ ਰੱਖ ਕੇ ਇੱਕ ਅਕਾਲ

ਪੁਰਖ ਨਾਲ ਪਿਆਰ ਕਰਨਾ ਹੀ ਤੀਰਥ-ਇਸ਼ਨਾਨ, ਦਾਨ, ਪੁੰਨ ਅਤੇ ਤਪ ਕਰਨਾ ਹੈ ਕਿਉਂਕਿ ਪਰਮਾਤਮਾ ਨੂੰ ਪਿਆਰ ਕਰਨ ਵਾਲਾ ਸ਼ੁੱਭ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ। ਉਸਦੇ ਅੰਦਰੋਂ ਕਾਮ, ਕ੍ਰੋਧ, ਹੰਕਾਰ, ਈਰਖਾ ਅਤੇ ਮਾਇਆ ਦੀ ਤ੍ਰਿਸ਼ਨਾ ਆਦਿਕ ਸਾਰੀ ਆਸੁਰੀ ਸੰਪਦਾ ਨਸ਼ਟ ਹੋ ਜਾਂਦੀ ਹੈ। ਗੁਰਵਾਕ ਹੈ -

*ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ*
*ਬਿਨਸਿ ਜਾਹਿ ਹਰਿ ਨਾਮੁ ਉਚਾਰੀ॥*
*ਇਸਨਾਨ ਦਾਨ ਤਾਪਨ ਸੁਚਿ ਕਿਰਿਆ*
*ਚਰਣ ਕਮਲ ਹਿਰਦੈ ਪ੍ਰਭ ਧਾਰੀ॥ ਅੰਗ - ੧੩੮੯*

ਪਰਮਾਤਮਾ ਨੂੰ ਪਿਆਰ ਕਰਨ ਵਾਲਾ ਇਹ ਸਮਝ ਜਾਂਦਾ ਹੈ ਕਿ ਉਹ ਪਰਮਾਤਮਾ ਦੀ ਹੀ ਅੰਸ਼ ਹੈ। ਉਸਦੇ ਅੰਦਰ ਪ੍ਰਭੂ ਦੀ ਜੋਤਿ ਜਗ ਪੈਂਦੀ ਹੈ। ਉਹ ਉਚ-ਨੀਚ, ਅਮੀਰ-ਗਰੀਬ, ਚੰਗੇ-ਮੰਦੇ ਸਾਰਿਆ ਵਿੱਚ ਹੀ ਪਰਮਾਤਮਾ ਦੀ ਜੋਤਿ ਨੂੰ ਵੇਖਦਾ ਹੈ। ਐਸਾ ਮਨੁੱਖ ਕਦੇ ਵੀ ਕਿਸੇ ਦਾ ਮੰਦਾ ਨਹੀਂ ਸੋਚਦਾ; ਉਠਦੇ, ਬੈਠਦੇ, ਸੌਂਦੇ, ਜਾਗਦੇ ਸਦਾ ਹੀ ਪਰਮਾਤਮਾ ਨੂੰ ਯਾਦ ਰੱਖਦਾ ਹੈ। ਪਰਮਾਤਮਾ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ। ਜਿਸਦੇ ਮਨ ਵਿੱਚ ਪਰਮਾਤਮਾ ਦੀ ਜੋਤਿ ਜਗ ਪਵੇ ਉਹੀ ਗੁਰਸਿੱਖ ਹੈ, ਉਹੀ ਖਾਲਸਾ ਹੈ-

*ਜਾਗਤ ਜੋਤਿ ਜਪੈ ਨਿਸ ਬਾਸੁਰ,*
*ਏਕ ਬਿਨਾ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤਿ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

*(੩੩ ਸਵੈਯੇ ਪਾ:੧੦)*

*ਅਹਿ ਕਰੁ ਕਰੇ ਸੁ ਅਹਿ ਕਰੁ ਪਾਏ*
*ਕੋਈ ਨ ਪਕੜੀਐ ਕਿਸੈ ਥਾਇ॥੩॥ ਅੰਗ - ੪੦੬*

ਜੋ ਕਰਮ ਤੁਸੀਂ ਕੀਤੇ ਜਾ ਕਰਵਾਏ ਹਨ ਉਹਨਾ ਦਾ ਫਲ ਤਾਂ ਤੁਹਾਨੂੰ ਹੀ ਭੁਗਤਣਾ ਪੈਣਾ ਹੈ। ਤੁਹਾਡੇ ਕਰਮਾਂ ਦਾ ਫਲ ਕਿਸੇ ਹੋਰ ਨੇ ਨਹੀਂ ਭੁਗਤਣਾ। ਹੁਣ ਹਾਏ-ਹਾਏ ਕਰਨ ਦੀ ਥਾਂ ਪਛਤਾਵਾ ਕਰਕੇ ਉਸ ਮਾਲਕ ਪਾਸ ਫ਼ਰਿਆਦੀ ਹੋਵੋ। ਉਹ ਬੜਾ ਦਿਆਲੂ ਹੈ, ਕ੍ਰਿਪਾਲੂ ਹੈ। ਉਸ ਦੀ ਬਖ਼ਸ਼ਿਸ਼ ਦੀ ਨਿਗਾਹ ਅੱਗੇ ਇਹ ਕਰਮ, ਹੜ੍ਹ ਦੇ ਅੱਗੇ ਤਿਨਕੇ ਵਾਂਗ ਰੁੜ੍ਹ ਜਾਂਦੇ ਹਨ। ਬੀਤ ਚੁੱਕਾ ਸਮਾਂ ਹੁਣ ਹੱਥ ਨਹੀਂ ਆਉਣ ਲੱਗਾ, ਹੁਣ ਸਮਾਂ ਜੋ ਸਾਡੇ ਪਾਸ ਹੈ, ਇਸ ਸਮੇਂ ਵਿੱਚ ਪਿਛਲੇ ਕੀਤੇ ਪਾਪ ਕਰਮਾਂ ਦਾ ਪਛਤਾਵਾ ਕਰਕੇ, ਸਤਿਗੁਰੂ ਦੀ ਬਖ਼ਸ਼ਿਸ਼ ਪ੍ਰਾਪਤ ਕਰਨ ਦਾ ਯਤਨ ਕਰੋ। ਅਗਲੇਰੇ ਆਉਣ ਵਾਲੇ ਸਮੇਂ ਵਿੱਚ ਗੁਰੂ ਸਿੱਖਿਆ ਕਰਮ ਕਰਨ ਤੋਂ ਸਦਾ ਸੁਚੇਤ ਰਹੋ। ਅਧੀਨ ਮਾੜੇ ਤਕਰੀਬਨ ਇੱਕ ਸਾਲ ਮੰਜੇ ਤੇ ਪੈ ਕੇ ਦੁੱਖ ਭੋਗਣ ਉਪਰੰਤ ਵੀ ਅਜੇ ਉਹ ਇਕ ਲੱਤ ਦੇ ਭਾਰ ਲੰਗਾ ਕੇ ਤੁਰਦੇ ਹਨ ਤੇ ਹੁਣ ਹੋਰ ਕਈਆਂ ਨੂੰ ਮਾੜੇ ਕਰਮਾਂ ਤੋਂ ਬਚਣ ਲਈ ਆਪਣੀ ਹੱਡ-ਬੀਤੀ ਦੱਸ ਕੇ ਸਿੱਖਿਆ ਦਿੰਦੇ ਹਨ।

---

***(ਪੰਨਾ 16 ਦੀ ਬਾਕੀ)***

## ਜਾਗਤ-ਜੋਤਿ ਕਿਵੇਂ ਜਗਦੀ ਹੈ?

ਇਸ ਨਾਮ ਰੂਪੀ ਜਾਗਤ ਜੋਤਿ ਅਭਿਆਸ ਰੂਪੀ ਜਾਗ, ਪਾਰਸ-ਸੁਪਰਸ਼ਨੀ-ਜਾਗ ਉਸੇ ਵਡਿਭਾਗੀ ਆਤਮ-ਆਕ੍ਰਖਣੀ-ਰੂਹ ਨੂੰ ਲਗਦਾ ਹੈ, ਜਿਸ ਦੇ ਘਟ ਅੰਤਰ ਗੁਰੂ ਕਰੁਣਾ ਕਰਿ, ਗੁਰੂ ਰੂਪੀ ਜੋਤਿ ਪ੍ਰਕਾਸ਼ਕੀ ਬਿਸਮਾਦ ਕਲਾ ਸਪਰਸ਼ੀ ਜਾਏ। ਇਹ ਕੇਵਲ ਗੁਰੂ-ਹੁਕਮ ਅਨੁਸਾਰ ਗੁਰੂ-ਜੋਤਿ-ਕਲਾ ਪ੍ਰਕਾਸ਼ਕ੍ਰਿਸ਼ਮੀ ਗੁਰੂ ਸਰੂਪ ਪੰਚਾਂ ਪਿਆਰਿਆਂ ਦੇ ਪਾਰਸ ਸੁਪਰਸ਼ਨੀ ਕ੍ਰਿਸ਼ਮੇ ਦੁਆਰਾ ਹੀ ਸੁਪਰਸ਼ੀ ਜਾ ਸਕਦੀ ਹੈ। ਨਾਮ ਅਭਿਆਸ ਕਮਾਈ ਵਾਲੇ, ਘਟੰਤਰਿ ਜਗਨ-ਜੋਤੀਸ਼ੀ ਦੀਵਿਆਂ ਵਾਲੇ ਅੰਮ੍ਰਿਤਧਾਰੀ ਪੰਚਾਂ ਪਿਆਰਿਆਂ ਦੀ, ਗੁਰੂ ਸਰੂਪ ਸੰਪੂਰਨ ਕਲਾ ਕ੍ਰਿਸ਼ਮੀ-ਨਾਮ-ਦਾਤਿ ਰੂਪੀ ਚੁੰਭਕ ਸਪਰਸ਼ ਹੀ ਨਾਮ ਰੂਪੀ ਜਗਨ ਜੋਤਿ ਦੀਵੇ ਅਧਿਕਾਰੀ ਜਗਿਆਸੂ ਜਨਾਂ ਦੇ ਘਟਾਂ ਅੰਦਰ ਜਗਾ ਸਕਦੀ ਹੈ। ਪ੍ਰਗਟ ਗੁਰਾਂ ਦੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ, ਗੁਰੂ ਦਸਮੇਸ਼ ਜੀ ਦੇ ਖੰਡੇ ਦੇ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ, ਅੰਮ੍ਰਿਤ-ਕਲਾ-ਕ੍ਰਿਸ਼ਮੀ ਨਾਮ ਅਭਿਆਸ ਕਮਾਈਆਂ ਵਾਲੇ ਪੰਜਾਂ ਪਿਆਰਿਆਂ ਦੁਆਰਾ ਜਗਿਆਸੂ ਜਨਾਂ ਦੇ ਘਟਾਂ ਅੰਦਰਿ ਗੁਰਮਤਿ ਨਾਮ ਬੀਜ ਮਾਤਰ ਬੀਜਿਆ ਹੋਇਆ ਹੀ ਜਾਗਤ ਜੋਤਿ ਪ੍ਰਕਾਸ਼ਨੀ ਕਲਾ ਸਰੂਪ ਵਿਚ ਹੀ ਫਲੀਭੂਤ ਹੋ ਸਕਦਾ ਹੈ, ਐਵੇਂ ਨਹੀਂ। ਇਸ ਬਿਧਿ ਬੀਜ ਮਾਤਰ ਜਗਿਆਸੂ ਜਨ ਦੇ ਘਟੰਤਰਿ ਪਰਵੇਸ਼ਿਆ ਹੋਇਆ ਜਾਗਤ-ਜੋਤਿ ਨਾਮ ਨਿਸਬਾਸੁਰ ਹੀ ਅੰਮ੍ਰਿਤਧਾਰੀ ਜਗਿਆਸੂ ਜਨਾਂ ਤੋਂ ਜਪਿਆ ਅਭਿਆਸਿਆ ਕਮਾਇਆ ਜਾਵੇ ਤਦ ਜਾ ਕੇ ਜਾਗਤ ਜੋਤਿ ਆਪਣੀ ਪੂਰੀ ਕਲਾ ਵਿਚ ਜਗਿਆਸੂ ਜਨਾਂ ਦੇ ਘਟਾਂ ਅੰਦਰਿ ਜਗਦੀ ਹੈ। ਘਟ ਅੰਦਰਿ ਪਰ ਜਗਾਈ ਹੀ ਜਗਦੀ ਹੈ, ਉਪਰ ਦਸੀ ਬਿਧੀ ਅਨੁਸਾਰ ਜਗਾਈ ਹੀ ਜਗਦੀ ਹੈ। ਜਿਨ੍ਹਾਂ ਗੁਰਮੁਖ ਜਨਾਂ ਦੇ ਘਟਾਂ ਅੰਤਰਿ ਇਸ ਪੂਰਨ ਜਾਗਤ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਐਸੇ ਜਨ ਹੀ ਨਿਰੋਲ (ਨਿਖਾਲਸ) ਨਿਰੇ ਖਾਲਸ ਖਾਲਸੇ ਹਨ। *('ਗੁਰਮਤਿ ਵਿਚਾਰ' ਪੁਸਤਕ ਵਿਚੋਂ)*

# ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ-ਪੰਥ

*[ਗੁਰਪੁਰਵਾਸੀ ਪ੍ਰੋ. ਪੂਰਨ ਸਿੰਘ ਜੀ]*

'ਖਾਲਸਾ-ਪੰਥ' ਗੁਰੂ ਗੋਬਿੰਦ ਸਿੰਘ ਨੇ ਸਾਜਿਆ। ਇਹ ਉਨ੍ਹਾਂ ਅਣਖੀ ਸੂਰਮਿਆਂ ਦਾ ਪੰਥ ਹੈ, ਜਿਹੜੇ ਨਾਮ ਅਤੇ ਸਿਮਰਨ ਵਾਲਾ ਅੰਤਰਮੁਖੀ ਜੀਵਨ ਜਿਉਂਦੇ ਹਨ। ਉਹ, ਉਹ ਹਨ ਜਿਨ੍ਹਾਂ ਦੀ ਮੌਜੂਦਗੀ ਸ਼ਾਂਤ-ਅੰਮ੍ਰਿਤ ਨਾਲ ਦੁਆਲਾ ਰੰਗ ਦਿੰਦੀ ਹੈ। ਉਹ ਨਾ ਹੀ ਰਾਜ ਚਾਹੁੰਦੇ ਹਨ ਅਤੇ ਨਾ ਹੀ ਮੁਕਤੀ, ਕੇਵਲ ਮਨਿ ਪ੍ਰੀਤਿ ਚਰਨ ਕਮਲਾਰੇ ਦੇ ਧਾਰਣੀ ਹਨ। ਨਾ ਹੀ ਉਹ ਯੋਗ ਦੀ ਰਹੱਸ-ਪੂਰਨ ਅਤੇ ਨਾ ਹੀ ਭੋਗ ਦੀ ਵਾਸ਼ਨਾ-ਪੂਰਨ ਖੁਸ਼ੀ ਦੇ ਇੱਛਕ ਹਨ, ਉਹ ਤਾਂ ਕੇਵਲ ਉਸ ਦਾ ਪਿਆਰ ਅੰਮ੍ਰਿਤ ਮੰਗਦੇ ਹਨ, ਉਸ ਦੀ ਬਾਣੀ ਦੀ ਸ਼ਬਨਮ ਦੇ ਛਲਕਦੇ ਜਾਮ। ਉਹ ਜੀਵਨ ਦੇ ਦਾਰਸ਼ਨਿਕ ਗ਼ਮਾਂ ਨਾਲ ਭਰੇ ਪੀਤੇ ਪਏ ਹਨ ਅਤੇ ਉਹ ਆਪਣੀ ਪਿਆਸ ਅਤੇ ਸਭ ਦੁਖੀਆਂ ਦੀ ਪਿਆਸ ਬੁਝਾਉਣ ਲਈ ਬਬੀਹੇ ਵਾਂਗ ਸਵਾਂਤੀ ਬੂੰਦ ਨੂੰ ਟੇਰਦੇ ਹਨ। ਮਹਿਬੂਬ ਦਾ ਨਾਮ ਜਪਣ ਨਾਲ ਹੀ ਉਹ ਇਸ ਰੂਹਾਨੀ ਸਥਿਤੀ ਨੂੰ ਕਾਇਮ ਰੱਖ ਸਕਦੇ ਹਨ ਅਤੇ ਕਿਉਂਕਿ ਉਹਨਾਂ ਦੀ ਇਹ ਪਿਆਸ ਅਸੀਮ ਹੈ ਅਤੇ ਜਾਪ, ਪੰਛੀਆਂ ਦੀ ਨਿਰੰਤਰ ਕੂਕ ਵਰਗਾ। ਰੂਹਾਨੀ ਮਰਦਾਨਗੀ ਦਾ ਭੇਦ ਮਹਿਬੂਬ ਪ੍ਰਤੀ ਵਿਗਸਿਆ ਪਿਆਰ ਹੈ ਅਤੇ ਇਹ ਪਿਆਰ ਹੈ ਅਤੇ ਇਹ ਪਿਆਰ ਗੁਰੂ ਬਾਣੀ ਦੇ ਨਿਰੰਤਰ ਪਾਠ ਅਤੇ ਗੁਰੂ ਦਾ ਨਾਮ ਜਪਣ ਵਿੱਚ ਹੈ।

ਇਸ ਪੰਥ ਦੀ ਰੰਗ ਰੱਤੜੀ ਹਸਤੀ ਬਾਣੀ ਨਾਲ ਜੁੜੀ। ਪਿਆਰ ਵਿਗੁਤੀ, ਸ਼ਕਤੀ-ਸ਼ਾਲੀ ਅਤੇ ਨਿਮਰ, ਨਿਰਭੈ, ਮੌਤ ਨੂੰ ਮਖੌਲਾਂ ਕਰਦੀ, ਮੌਤ ਨੂੰ ਜੱਫੀਆਂ ਪਾਉਂਦੀ, ਮਾਲਕ ਦੇ ਨਾਂ ਤੋਂ ਸਦਾ ਨਿਰਸਵਾਰਥ ਜਾਨ ਵਾਰ ਦਿੰਦੀ, ਸ਼ਮ੍ਹਾਂ ਦੁਆਲੇ ਪਰਵਾਨੇ ਵਾਂਗ ਸੜ ਉਠਦੀ, ਨਾਇਕਾਂ ਵਾਂਗ ਜਿਉਂਦੀ, ਚੰਦਰ-ਮੰਡਲ ਵਾਂਗ ਚਮਕਦੀ, ਮਸਤੀ ਭਰੀ, ਹਰ ਸਮੇਂ ਮਿੱਠਤ ਹੁਲਸਾਈ, ਜੀਵਨ ਦੇ ਗ਼ਮਾਂ ਤੋਂ ਉਪਰ ਉਠੀ, ਸਰਬੱਤ ਦਾ ਭਲਾ ਮੰਗਦੀ ਅਤੇ ਨਿਸ਼ਕਾਮ ਵਿਚਰਦੀ ਹੈ ਸਵਾਸ ਸਵਾਸ ਨਾਮ ਜਪਣਾ ਸੱਚਾਈ, ਨਿੱਜੀ ਸਚਾਈ ਅਤੇ ਗੁਰੂ ਗੋਬਿੰਦ ਸਿੰਘ ਦੇ ਖਾਲਸੇ ਲਈ ਸੰਪੂਰਨ ਸੱਚਾਈ।

ਜਿਵੇਂ ਕਿ ਗੁਰੂ ਸਾਹਿਬਾਂ ਫ਼ਰਮਾਇਆ ਹੈ, ਅਜਿਹੀ ਅਗੰਮੀ ਹਸਤੀ ਦੀ ਪਛਾਣ, ਜੋ ਰੱਬ ਵਾਂਗ ਨਿਰਾਕਾਰ ਹੈ, ਮਨ-ਮੰਦਰ ਵਿੱਚ, ਨਾਮ ਦੀ ਜੋਤ, ਜੀਵਨ ਸ਼ਮ੍ਹਾਂ ਨੂੰ ਸਦਾ ਬਲਦਿਆਂ ਰੱਖਣ ਨਾਲ ਹੁੰਦੀ ਹੈ। ਜਿਸ ਦੇ ਮਨ-ਮੰਦਰ ਵਿੱਚ ਅਜਿਹੀ ਸ਼ਮ੍ਹਾਂ ਨਿਸ-ਬਾਸਰ ਬਲਦੀ ਰਹੇ, ਉਹ ਸੱਚਾ ਖ਼ਾਲਸਾ ਹੈ।

ਉਸ ਜੋਤ ਦਾ ਚਿੰਨ੍ਹਾਤਮਕ ਪ੍ਰਗਟਾਵਾ ਨਾਮ ਜਪਣਾ ਹੈ। ਮਨੁੱਖ ਦੇ ਸਵਾਸ ਉਸ ਨਾਲ ਗੂੰਜਦੇ ਹਨ ਅਤੇ ਰੋਮ ਰੋਮ ਵਿੱਚ ਉਸ ਦਾ ਅੰਮ੍ਰਿਤ ਭਰਿਆ ਪਿਆ ਹੈ। ਉਪਰਲੀਆ ਪਿਪਣੀਆਂ ਹੇਠ ਅੱਖਾਂ ਉਪਰ ਵੱਲ ਅੱਧ ਤਕ ਜਾਂਦੀਆਂ ਹਨ, ਮੱਥਾ ਅੰਮ੍ਰਿਤ ਭਿੰਨਾ ਹੋ ਜਾਂਦਾ ਹੈ, ਜਿਵੇਂ ਕਿ ਉਹ ਕੋਈ ਸੋਮਾ ਹੋਵੇ ਅਤੇ ਹਜ਼ਾਰਾਂ ਸਾਫ਼ ਚਸ਼ਮੇ ਇਸ ਹਿਮਾਲੀਆ ਵਿਚੋਂ ਹੇਠਾਂ ਨੂੰ ਵਹਿ ਰਹੇ ਹੋਣ, ਜੋ ਕੇਵਲ ਇਕ ਮਨੁੱਖ ਦੀ ਧਰਤ ਨੂੰ ਜ਼ਰਖੇਜ਼ ਨਹੀਂ ਕਰਦੇ ਸਗੋਂ ਉਨ੍ਹਾਂ ਸਾਰਿਆਂ ਦੀ ਨੂੰ, ਜੋ ਉਸ ਦੀ ਜ਼ਦ ਵਿੱਚ ਆਉਂਦੇ ਹਨ। ਖ਼ਾਲਸਾ ਕਿਸੇ ਝੀਲ, ਸੋਮੇ, ਦਰਿਆ ਵਾਂਗ ਸੁਤੇ-ਸਿੱਧ ਵਿਸ਼ਵ-ਵਿਆਪੀ ਸਦ-ਭਾਵਨਾ, ਸ਼ਾਂਤ ਅਤੇ ਪਿਆਰ ਦੀਆਂ ਝਲਕਾਂ ਮਾਰਣ ਲੱਗ ਪੈਂਦਾ ਹੈ। ਚਾਰੇ ਪਾਸੇ ਚਟਾਕ ਚਾਨਣਾ ਹੋ ਜਾਂਦਾ ਹੈ, ਕੋਈ ਭੂਤ-ਪ੍ਰੇਤ ਜਾਂ ਭੈੜੀ ਰੂਹ ਅਜਿਹੀ ਹਸਤੀ ਦੇ ਨੇੜੇ ਨਹੀਂ ਫਟਕ ਸਕਦੀ।

ਉਨ੍ਹਾਂ ਦਾ ਨੀਤੀ-ਸ਼ਾਸਤਰ ਕਿਤਾਬੀ ਨਹੀਂ, ਅਲਜਬਰੇ ਦੇ ਫਾਰਮੂਲਿਆਂ ਦਾ ਵੀ ਨਹੀਂ, ਅਖੌਤੀ ਇਖ਼ਲਾਕੀ ਜਾਂ

ਗੈਰ-ਇਖ਼ਲਾਕੀ ਕਰਨੀ ਨੂੰ ਚਤੁਰਾਈ ਨਾਲ ਸਹੀ ਸਿੱਧ ਕਰਨ ਦਾ ਵੀ ਨਹੀਂ। ਉਹ ਆਪਣੀ ਪਵਿੱਤਰ ਨਿਸ਼ਕਾਮਤਾ ਕਾਰਣ, ਕੁਦਰਤ ਦੀ ਰੂਹ ਨਾਲ ਇਕ-ਸੁਰ ਹਨ। ਉਹ ਪਰਬਤ ਹਨ, ਦਰਿਆ ਹਨ, ਬੱਦਲ ਹਨ ਅਤੇ ਫੁੱਲ ਹਨ। ਜਿੱਥੇ ਵੀ ਕੋਈ ਗੁਲਾਬ ਦਾ ਫੁੱਲ ਹੈ, ਉਹ ਖੁਸ਼ਬੂ ਆਲੇ-ਦੁਆਲੇ ਆਪਣੇ-ਆਪ ਖਲੇਰ ਦਿੰਦਾ ਹੈ। ਖ਼ਾਲਸਾ ਆਪਣੀ ਰੂਹਾਨੀ ਮਿੱਠਤ ਧਰਤੀ ਦੇ ਜਿਸ ਕੋਨੇ 'ਤੇ ਵੀ ਹੋਵੇ, ਵੰਡ ਹੀ ਨਹੀਂ ਦਿੰਦਾ, ਸਗੋਂ ਉਹ ਤਾਂ ਆਪਣੇ-ਆਪ ਨਿਕਲ-ਨਿਕਲ ਪੈਂਦੀ ਹੈ, ਇਕ ਜ਼ੋਰਦਾਰ ਸੁਹਿਰਦਤਾ ਨਾਲ। ਉਹ ਸਦਾ ਦਇਆ ਦਾ ਸ਼ਹਿਜਾਦਾ ਹੈ।

ਗੁਰੂ ਅਮਰਦਾਸ ਕਿਸੇ ਵਿਧਵਾ ਦੇ, ਉਸ ਦੇ ਪਤੀ ਦੇ ਸਵਰਗਵਾਸ ਹੋਣ 'ਤੇ ਪਾਏ ਕੀਰਨੇ ਅਤੇ ਕਿਸੇ ਮਾਂ ਦਾ ਆਪਣੇ ਪੁੱਤਰ ਦੀ ਮੌਤ 'ਤੇ ਕੀਤਾ ਵਿਰਲਾਪ, ਨਹੀਂ ਸਨ ਸੁਣ ਸਕਦੇ ਅਤੇ ਇਸ ਤਰ੍ਹਾਂ ਹੋਇਆ ਕਿ ਮਾਲਕ ਦੇ ਨਿਵਾਸ ਸਥਾਨ, ਗੋਇੰਦਵਾਲ ਵਿੱਚ ਉਨ੍ਹਾਂ ਦੇ ਜੀਵਨ ਭਰ ਦੇ ਸਮੇਂ ਦੇ ਦੌਰਾਨ ਅਜਿਹੀ ਕੋਈ ਦੁਰਘਟਨਾ ਨਹੀਂ ਹੋਈ।

ਦਸ ਗੁਰੂ ਸਾਹਿਬਾਨ, ਉਨ੍ਹਾਂ ਦੇ ਸਿੱਖਾਂ ਅਤੇ ਵਡੇਰਿਆਂ ਦੀ ਰੂਹਾਨੀ ਵਿਰਾਸਤ ਤੋਂ ਮਿਲਦੀ ਪ੍ਰੇਰਨਾ ਅਨੁਸਾਰ ਖ਼ਾਲਸਾ ਉਹ ਹੈ, ਜੋ ਉਤਸ਼ਾਹ ਦੀ ਮਸ਼ਾਲ ਜਗਾਈ ਰੱਖਦਾ ਹੈ, ਕਿਸੇ ਸੰਕਲਪ ਖ਼ਾਤਰ ਨਹੀਂ, ਕਿਸੇ ਲਾਭ ਖ਼ਾਤਰ ਨਹੀਂ, ਸਗੋਂ ਗੁਰੂ ਗੋਬਿੰਦ ਸਿੰਘ ਦੇ ਹੁਕਮ ਦੀ ਪਾਲਣਾ ਵਿੱਚ ਅਤੇ ਸਹਿਜੇ ਹੀ ਉਸਦੇ ਨਾਮ ਸਿਮਰਨ ਵਿੱਚ ਜੁੜਿਆ ਰਹਿੰਦਾ ਹੈ। ਖ਼ਾਲਸਾ ਆਪਣੀ ਰੂਹ ਦੇ ਟਾਂਗੇ ਦਾ ਕੋਚਵਾਨ ਹੈ। ਜਦੋਂ ਸਿਮਰਨ ਦੀ ਜੋਤ ਜਗਦੀ ਹੈ, ਸਿੱਖ ਮਰ ਜਾਂਦਾ ਹੈ। ਜਿਵੇਂ ਰੁੱਖ ਨੂੰ ਬੂਰ ਪੈਂਦਾ ਹੈ, ਉਸ ਤਰ੍ਹਾਂ ਸਿੱਖ ਨਾਮ ਅਤੇ ਸਿਮਰਨ ਦੀ ਖੁਸ਼ੀ ਨਾਲ ਖੇੜੇ 'ਤੇ ਆ ਜਾਂਦਾ ਹੈ। ਜਿਵੇਂ ਰੁੱਖ ਚਲਦੀ ਹਵਾ ਨੂੰ ਆਪਣੀ ਉੱਤਮ ਵਸਤੂ ਦੇ ਦਿੰਦਾ ਹੈ, ਇਸੇ ਤਰ੍ਹਾਂ ਸਿੱਖ ਸਭ ਨੂੰ ਖੁਸ਼ਬੋਈ ਦੇ ਦਿੰਦਾ ਹੈ। ਮੇਰੀ ਅਧਿਆਤਮਕ ਕਰਨੀ ਲਈ, ਮੈਂ ਨਹੀਂ, ਉਹ ਜ਼ਿੰਮੇਵਾਰ ਹੈ, ਜੋ ਬਸੰਤ ਸਮੇਂ ਹਰ ਰੁੱਖ 'ਤੇ ਜ਼ੋਬਨ ਲੈ ਆਉਂਦਾ ਹੈ, ਜੋ ਸਾਰਿਆਂ ਨੂੰ ਚਮਕ ਬਖ਼ਸ਼ਦਾ ਹੈ। ਮੈਂ ਜੀਵਨ-ਭੇਦ ਪਾ ਲਿਆ ਹੈ ਅਤੇ ਮੈਂ ਆਪਣੇ-ਆਪ ਨੂੰ ਬੱਦਲ ਦੀ ਟੁਕੜੀ ਵਾਂਗ ਰੱਖਦਾ ਹਾਂ, ਉਸ ਦੇ ਆਦੇਸ਼ ਵਿੱਚ ਵੱਸ ਪੈਂਦਾ ਹਾਂ, ਬਿਜਲੀ ਬਣ ਚਮਕ ਪੈਂਦਾ ਹਾਂ। ਮੇਰੀ ਕਰਨੀ ਮੇਰੇ ਜਜ਼ਬਾਤ ਦੀ ਮੂੰਹ ਬੋਲਦੀ ਤਸਵੀਰ ਹੈ, ਅਜਿਹੀ ਉਸ ਦੀ ਖੁਸ਼ੀ ਹੈ, ਸਾਰੇ ਕਾਰਜ, ਮੇਰੇ ਲਈ, ਉਸੇ ਸੁਪਨਮਈ ਲੈਅ ਵਿੱਚ ਸੈੱਟ ਹਨ, ਅਜਿਹੀ ਉਸ ਦੀ ਰਜ਼ਾ ਹੈ।

ਸੰਸਾਰ ਦੇ ਸੱਚ ਮੇਰੇ ਲਈ ਝੂਠ ਹਨ, ਉਨ੍ਹਾਂ ਲਈ ਨਿਰ-ਵਵਾਦ, ਹਨੇਰੇ ਦੇ ਵਿਚਾਰ ਹਨ : ਗੈਰ-ਹਕੀਕੀ, ਭੂਤਾਂ ਵਰਗੇ, ਜਿਨ੍ਹਾਂ ਦੀ ਛਾਇਆ ਤੋਂ ਵੀ ਮੈਨੂੰ ਡਰ ਲਗਦਾ ਹੈ ਅਤੇ ਜਿਨ੍ਹਾਂ ਤੋਂ ਮੈਂ ਦੂਰ ਭੱਜਦਾ ਹਾਂ। ਮੇਰੇ ਪੰਥ ਦੇ ਤਾਂ, ਮਨੁੱਖਤਾ ਦੇ ਇਤਿਹਾਸ ਵਿੱਚ ਵਿਰਲੇ ਹਨ, ਜਿਹੜੇ ਆਪਣੇ ਆਪ ਨੂੰ ਖ਼ਾਲਸਾ ਅਖਵਾਉਂਦੇ ਹਨ-ਪਰ ਅੰਦਰੋਂ ਰੂਹਾਨੀ ਤੌਰ 'ਤੇ ਨਿਯਤਨ, ਇਲਹਾਮੀ ਹਨ ਅਤੇ ਅਚੇਤ ਤੌਰ 'ਤੇ ਗੁਰੂ ਦੇ ਨਹੀਂ ਹਨ-ਦਾ ਨੌਂ ਸੂਚੀ ਵਿਚੋਂ ਕੱਟ ਦਿੱਤਾ ਗਿਆ ਹੈ। ਉਨ੍ਹਾਂ ਸਾਰਿਆਂ ਨੂੰ, ਜਿਨ੍ਹਾਂ ਨੂੰ ਰੂਹਾਨੀ ਜੀਵਨ ਦੀ ਖ਼ਾਲਸੇ ਵਾਲੀ ਸਥਿਤੀ ਪ੍ਰਾਪਤ ਹੈ, ਗੁਰੂ ਗੋਬਿੰਦ ਸਿੰਘ ਦੇ ਘਰ ਵਿੱਚ ਥਾਂ ਮਿਲਦੀ ਹੈ ਅਤੇ ਉਹ ਸਾਡੇ ਹਨ। ਪੰਥ ਦਾ ਪਸਾਰਾ ਹਵਾ, ਪਾਣੀ, ਅੱਗ, ਬੱਦਲਾਂ, ਸੂਰਜ ਅਤੇ ਤਾਰਿਆਂ ਵਿੱਚ ਹੈ। ਮੈਂ ਇਸ ਪਵਿੱਤਰ 'ਗੁਪਤ-ਪੰਥ' ਦੀ ਜੈ-ਜੈਕਾਰ, ਫੁੱਲਾਂ ਦੀਆਂ ਪੱਤੀਆਂ, ਪ੍ਰਕਿਰਤਕ ਨਜ਼ਾਰਿਆਂ ਦੀ ਸੁੰਦਰਤਾਂ ਤੋਂ ਘੜੇ ਸੰਗੀਤ ਰੂਪ ਬੁੱਤਾਂ ਤੋਂ ਸੁਣਦਾ ਹਾਂ। ਬੱਦਲ ਮੇਰੇ ਨਾਲ ਹਮਦਰਦੀ ਕਰਦਾ ਹੈ ਅਤੇ ਸੂਰਜ ਦਾ ਮੇਰੇ ਪ੍ਰਤਿ ਪਿਆਰੇ ਅਸੀਮ ਅਤੇ ਬਿਨਾਂ ਕਿਸੇ ਸ਼ਰਤ ਤੋਂ ਹੈ। ਮਰਦਾਂ ਅਤੇ ਇਸਤਰੀਆਂ ਦੀ ਸੰਗਤ ਵਿੱਚ ਇਕ ਵੱਡਪਣ ਹੈ, ਇਕ ਨਾਦਰ ਝਲਕਾਰਾ, ਜੋ ਕਿਸੇ ਇੱਕਲੇ ਵਿੱਚ ਨਹੀਂ, ਇਕ ਚਮਕਾਰ ਬੱਦਲਾਂ ਦੇ ਇੱਕਠ ਵਿੱਚੋਂ ਨਿਕਲਣ ਵਾਂਗ ਲੋਕਾਂ ਦੀ ਸੰਗਤ ਵਿੱਚੋਂ ਨਿਕਲਦਾ ਹੈ। ਇਨ੍ਹਾਂ ਸਾਰਿਆਂ ਵਿੱਚ ਮਾਲਕ ਦੀ ਚਮਕਾਂ ਕਲਗੀ ਦੀ ਚਮਕ ਹੈ, ਜੋ ਉਹ ਲਾਉਂਦਾ ਹੈ ਅਤੇ ਨੀਲੇ ਘੋੜੇ 'ਤੇ ਚੜ੍ਹਿਆ ਖ਼ਾਲਸੇ ਦੇ, ਸਿੱਖਾਂ ਦੇ ਘਰੀਂ ਜਾਂਦਾ ਹੈ।

ਭਾਈ ਵੀਰ ਸਿੰਘ ਜੀ ਦੇ ਸ਼ਬਦਾਂ ਵਿੱਚ, ਇਸ ਪੰਥ ਦੇ ਸਿਧਾਂਤ ਇਨ੍ਹਾਂ ਪੰਜ ਸ਼ਬਦਾਂ ਵਿੱਚ ਨਿਹਿਤ ਹਨ-ਨਾਮ, ਦਾਨ, ਇਸ਼ਨਾਨ, ਕਿਰਤ ਅਤੇ ਵੰਡ ਛਕਣਾ।

## ਨਾਮ

ਉਸ ਦਾ ਨਾਮ ਜਪਣਾ, ਹਸਤੀ ਦਾ ਰਹੱਸ, ਜਿਸ ਦਾ ਕੋਈ ਨਿੱਜੀ ਮਨੋਰਥ, ਇੱਛਾ ਜਾਂ ਖ਼ੁਦਗਰਜ਼ੀ ਨਹੀਂ। ਪਿਆਰ ਨਾਲ ਸੁਆਰਥ ਤੋਂ ਉਤਾਂਹ ਉਠਿਆ ਜਾ ਸਕਦਾ ਹੈ। ਇਸ ਲਈ ਉਸ ਵਿਚ ਰਹਿਣ, ਉਸ ਦਾ ਜਾਪ ਜਪਣ, ਉਸ ਵਿੱਚ ਫਨਾਹ ਹੋ ਜਾਣ, ਉਸ ਦੇ ਪਿਆਰ ਵਿੱਚ ਮਨੁੱਖ ਉਹ ਸਾਹਸ ਪ੍ਰਾਪਤ ਕਰਦਾ ਹੈ, ਜੋ ਸਦਾ ਅਗੰਮੀ ਹੈ ਅਤੇ

ਨਿਰ ਸੁਆਰਥ ਹੈ। ਰੂਹ ਦੀ ਅਸਲੀ ਪ੍ਰਕਿਰਤੀ ਨਿਸ਼ਕਾਮਤਾ ਹੈ। ਨਾਮ ਰਾਹੀਂ ਪਹਿਲਾਂ ਆਪਣੇ ਆਪੇ ਦੀ ਪਛਾਣ ਇਸ ਪੰਥ ਦਾ ਜੀਵਨ ਹੈ। ਇਸ ਤਰ੍ਹਾਂ ਇਸ ਸੰਘਰਸ਼-ਮਈ ਭੌਤਿਕ ਸੰਸਾਰ ਵਿੱਚ ਸਰੀਰਕ ਉੱਦਮ ਰਾਹੀਂ ਰੂਹਾਨੀ ਪ੍ਰਵਿਰਤੀ ਨੂੰ ਬਣਾਈ ਰਖਦਾ ਹੈ।

## ਦਾਨ

ਦਾਨ ਦੇਣਾ, ਆਪਣਾ ਸਭ ਕੁਝ ਦੇ ਦੇਣਾ, ਕੁਦਰਤੀ ਹਮਦਰਦੀ ਕਾਰਣ, ਜੀਵਨ ਪਤਿ ਅਸੀਮ ਫਲਸਫ਼ੀਆਨਾ ਵੈਰਾਗ ਵਿੱਚ ਪਰੰਤੂ ਚੁੱਪ-ਚਾਪ ਬਿਨਾਂ ਧੱਕੇ, ਬਿਨਾਂ ਜਬਰ, ਫੁੱਲ ਜਾਂ ਦਰਿਆ ਵਾਂਗ ਮਨੁੱਖਤਾ ਦੀ ਭਲਾਈ ਦੇ ਚਾਓ ਨਾਲ। ਇਹ ਉਚਿਆਏ ਜੀਵਨ ਦੀ ਹੀ ਪ੍ਰਵਿਰਤੀ ਹੈ ਜੋ ਬਿਨਾਂ ਜਾਣੇ ਦਿੰਦੀ ਹੈ ਜਿਵੇਂ ਗਰਮ ਪਦਾਰਥ, ਦੁਆਲੇ ਦੇ ਠੰਡਿਆਂ ਪਦਾਰਥਾਂ ਨੂੰ ਸ਼ਕਤੀ ਦੇ ਫ਼ਰਕ ਕਾਰਣ ਹੀ ਆਪਣੇ ਆਪ ਗਰਮਾ ਦਿੰਦੇ ਹਨ, ਇਸ ਤਰ੍ਹਾਂ ਕਰਦਾ ਹੈ, ਗੁਰੂ ਗੋਬਿੰਦ ਸਿੰਘ ਦੇ ਪੰਥ ਦਾ ਮੈਂਬਰ।

ਦਾਨ ਦਾ ਭਾਵ ਨਿਰਸੰਦੇਹ, ਗੁਰੂ ਸਾਹਿਬ ਦੇ ਪੰਥ ਵਿੱਚ ਸੁਚੇਤ ਰੂਪ ਵਿੱਚ ਖ਼ੈਰਾਤ ਜਾਂ ਦਾਨ ਦੇਣ ਤੋਂ ਨਹੀਂ ਸਭ ਕੁਝ ਗੁਰੂ ਦਾ ਹੈ ਇਸੇ ਤਰ੍ਹਾਂ ਖ਼ਾਲਸਾ ਮਹਿਸੂਸਦਾ ਹੈ, 'ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ।' ਅਜਿਹੀ ਸਨੇਹ-ਮਈ ਪ੍ਰਵਿਰਤੀ ਕਿਸੇ ਸਮਾਜਿਕ-ਜ਼ਾਬਤੇ ਜਾਂ ਨਿਯਮਾਂ ਅਧੀਨ ਨਹੀਂ ਆਉਂਦੀ। ਇਸ ਵਿਚ ਕੁਝ ਵੀ ਮਕਾਨਕੀ ਨਹੀਂ। ਇਹ ਗਹਿਰਾਈ ਅਤੇ ਸਜੀਵਤਾ ਹੈ ਖ਼ਾਲਸੇ ਦੀ। ਇਹ ਖ਼ੈਰਾਤ ਦਰਿਆਵਾਂ ਵਾਂਗ ਉਸ ਦੇ ਆਪੇ ਵਿਚੋਂ ਨਿਕਲ ਤੁਰਦੀ ਹੈ। ਖ਼ਾਲਸਾ ਆਪਣਾ ਆਪਾ, ਆਪਣੀ ਮਿਹਨਤ, ਆਪਣਾ ਹੱਡ ਮਾਸ, ਆਪਣਾ ਜੀਵਨ ਅਤੇ ਆਪਣੀ ਰੂਹ ਵੀ ਆਪਣੇ ਮਾਲਕ, ਮਹਿਬੂਬ ਤੋਂ ਨਿਛਾਵਰ ਕਰ ਚੁੱਕਾ ਹੈ।

## ਇਸ਼ਨਾਨ

ਸਰੀਰ ਦਾ ਠੰਡੇ ਪਾਣੀ ਨਾਲ ਨਾਹੁਣਾ, ਮਨ ਦਾ ਅੰਮ੍ਰਿਤ ਦੇ ਚਸ਼ਮੇ ਵਿੱਚ ਅਤੇ ਰੂਹ ਦਾ ਉਸ ਦੇ ਪਿਆਰ ਵਿੱਚ ਗੋਤਾ ਲਾਉਣਾ, ਇਸ਼ਨਾਨ ਹੈ।

## ਕਿਰਤ ਕਰਨਾ

ਇਹ ਚਿੰਨ੍ਹਾਤਮਕ ਦਾਨ ਹੈ, ਜੋ ਗੁਰੂ ਗੋਬਿੰਦ ਸਿੰਘ ਦੇ ਪੰਥ ਨੂੰ ਮਿਹਨਤ-ਕਸ਼ਾਂ ਦੀ ਸਾਰੀ ਲੋਕਾਈ ਨਾਲ ਜੋੜਦਾ ਹੈ। ਗੁਰੂ ਪਾਸ ਕੋਈ ਅਮੀਰ ਨਹੀਂ। ਉਸ ਦੇ ਪੰਥ ਵਿੱਚ ਕੋਈ ਵਿਹਲੜ ਅਮੀਰ ਨਹੀਂ, ਉਸ ਲਈ ਤਾਂ ਕੋਈ ਥਾਂ ਨਹੀਂ, ਸਾਰਿਆਂ ਨੂੰ ਕਿਰਤ ਕਰਨੀ ਪੈਂਦੀ ਹੈ, ਅੰਨ ਪੈਦਾ ਕਰਨ ਲਈ ਪਸੀਨਾ ਵਹਾਉਣਾ ਪੈਂਦਾ ਹੈ। ਲੋਹੇ, ਲਕੜੀ ਅਤੇ ਪੱਥਰ ਵਿਚੋਂ ਨਵੇਂ ਰੂਪ ਘੜਣੇ ਪੈਂਦੇ ਹਨ, ਕੰਮ ਕਰਨਾ, ਕਿਰਤ ਕਰਨੀ ਅਤੇ ਮਿਹਨਤ ਦੀ ਕਮਾਈ ਦਾ ਵੀ ਤਿਆਗ ਅਤੇ ਇਸ ਸੁਤੇ-ਸਿੱਧ ਤਿਆਗ ਕਾਰਣ ਗੁਰੂ ਅਤੇ ਅੱਜ ਦੇ ਕਾਮਗਾਰਾਂ ਵਿਚਾਲੇ ਫ਼ਰਕ ਸਪੱਸ਼ਟ ਹੈ।

## ਵੰਡ ਛਕਣਾ

ਕਿਰਤ ਕਮਾਈ ਦੀ ਇਕਸਾਰ ਵੰਡ। 'ਉਹ ਰੋਟੀ ਨਾ ਖਾ, ਜੇ ਤੂੰ ਆਪਣੇ ਖ਼ਾਲਸਾ ਵੀਰ ਨੂੰ ਨਹੀਂ ਵੰਡੀ।' ਗੁਰੂ ਗੋਬਿੰਦ ਸਿੰਘ ਵਰਤਮਾਨ ਯੁੱਗ ਦੇ ਗੁਰੂ ਹਨ, ਜਿਨ੍ਹਾਂ ਨੇ ਮਨੁੱਖੀ-ਸਮਾਜ ਦੀ ਨਾਮ, ਦਾਨ, ਇਸ਼ਨਾਨ, ਕਿਰਤ ਕਰਨ, ਵੰਡ ਛਕਣ ਦੇ ਅਧਾਰ 'ਤੇ ਪੰਥ ਦੇ ਰੂਪ ਵਿੱਚ ਪੁਨਰ ਉਸਾਰੀ ਕੀਤੀ ਹੈ।

ਨਾਮ, ਮੁਕੰਮਲ ਅਤੇ ਸੰਪੂਰਨ ਤਿਆਗ ਅਤੇ ਸਰੀਰ, ਮਨ ਅਤੇ ਰੂਹ ਦਾ ਅਸੀਮ ਵਿੱਚ ਇਸ਼ਨਾਨ। ਹਰੇਕ ਮਨੁੱਖ ਮਾਤਰ ਲਈ, ਕਿਰਤ ਕਰਨਾ, ਪੈਦਾ ਕਰਨਾ ਅਤੇ ਇਸ ਕਮਾਈ ਦਾ ਕਿਸੇ ਨਿਰਾਸ਼ਾਮਈ ਭਾਵਨਾ ਵਿੱਚ ਵੰਡ ਦੇਣਾ, ਲਾਜ਼ਮੀ ਰੂਹਾਨੀ ਲੋੜ ਹੈ। ਜੋ ਪੰਜਾਬ ਦੇ ਸਿੱਖ ਸਾਨੂੰ ਗੁਰੂ ਗੋਬਿੰਦ ਸਿੰਘ ਦੇ ਮਹਾਨ ਨਿਰਮਲ-ਪੰਥ ਦੀ ਥੋੜੀ ਜਿਹੀ ਯਾਦ ਦਿਵਾਉਂਦੇ ਹਨ ਤਾਂ ਇਹ ਕੀ ਵੱਡੀ ਗੱਲ ਹੈ, ਜਦੋਂ ਕਿ ਸਾਰਾ ਸੰਸਾਰ ਅੰਦਰੋ-ਅੰਦਰੇ ਇਸ ਨੂੰ ਅਪਣਾਉਣ ਦੀ ਦਿਲੀ ਇੱਛਾ ਕਰ ਰਿਹਾ ਹੈ।

ਸਾਡੇ ਵਿਚੋਂ ਕੌਣ ਗੁਰੂ ਗੋਬਿੰਦ ਸਿੰਘ ਪ੍ਰਤੀ ਸਾਰੇ ਸੰਸਾਰ ਦੇ ਅਸਪੱਸ਼ਟ ਅਤੇ ਅਚੇਤ ਪਰ ਜ਼ੋਰਦਾਰ ਹੁੰਗਾਰੇ ਨੂੰ ਨਹੀਂ ਵੇਖਦਾ। ਉਸ ਦੀ ਪ੍ਰਤਿਭਾ ਨੂੰ ਸਮਝਣ ਲਈ ਮਨੁੱਖ ਨੂੰ ਸਦੀਆਂ ਲਗਣਗੀਆਂ, ਜਦੋਂ ਉਹ ਗੁਰੂ ਸਾਹਿਬ ਦੇ ਰੂਹਾਨੀ ਪੰਥ ਨੂੰ ਪਾ ਲਵੇਗਾ।

ਯਕੀਨਨ ਭਾਰਤ ਦੇ ਗ਼ੁਲਾਮਾਂ ਨੇ ਉਸ ਨੂੰ ਅਜੇ ਤਕ ਨਾ ਹੀ ਸਮਝਿਆ ਹੈ ਅਤੇ ਨਾ ਹੀ ਉਸ ਦੀ ਪ੍ਰਤਿਭਾ ਨੂੰ ਸਮਝਣ ਦੇ ਯੋਗ ਹਨ। ਉਸ ਦੀ ਮਹਾਨ ਸਖ਼ਸ਼ੀਅਤ ਦਾ ਪਰਛਾਵਾਂ ਬਹੁਤ ਦੂਰ ਸਦੀਆਂ ਤੋਂ ਪਰੇ ਤਕ ਪੈਂਦਾ ਹੈ ਅਤੇ ਭਾਰਤ ਦੇ ਅਖੌਤੀ ਮਹਾਨ ਵਿਦਵਾਨ, ਜਦੋਂ ਗੁਰੂ ਨੂੰ ਸਮਝਾਉਣ ਦਾ ਮਨ ਬਣਾਉਂਦੇ ਹਨ, ਕੇਵਲ ਕੰਡਿਆਂ ਨਾਲ

ਝਰੀਟੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਗੁਰੂ ਨਾਨਕ ਜਿੰਨ੍ਹਾਂ ਰੂਹਾਨੀਅਤ ਵਾਲਾ ਨਾ ਸਮਝ ਕੇ, ਛੱਡ ਦਿੰਦੇ ਹਨ। ਇਸ ਤੋਂ ਉਨ੍ਹਾਂ ਦੁਆਲੇ ਪਸਰੇ ਹਨੇਰੇ ਦਾ ਹੀ ਅਨੁਭਵ ਹੁੰਦਾ ਹੈ, ਜੇ ਉਹ ਗੁਰੂ ਗੋਬਿੰਦ ਸਿੰਘ ਵਿੱਚ ਗੁਰੂ ਨਾਨਕ ਜੀ ਦੇ ਉੱਚੇ ਅਤੇ ਚਮਕਦੇ ਸਿਖ਼ਰ ਨੂੰ ਨਹੀਂ ਸਮਝ ਸਕੇ, ਯਕੀਨਨ ਉਹ ਧਾਰਮਿਕ ਵਿਚਾਰਧਾਰਾ ਦੀ ਕ੍ਰਾਂਤੀ ਦੇ ਸ਼ਹਿਨਸ਼ਾਹ ਨੂੰ ਨਹੀਂ ਸਮਝ ਸਕੇ। ਉਸ ਦੇ ਇਕ-ਇਕ ਨਿਮਰਤਾ ਭਰੇ ਸ਼ਬਦ ਵਿੱਚ ਵੀ ਅਸੰਖਾਂ ਲਾਟਾਂ ਹਨ, ਜੋ ਬਿਜਲੀ ਵਾਂਗ ਅਸੰਖਾਂ ਸ਼ਮਸ਼ੀਰਾਂ ਹੋ ਟੁਟਦੀਆਂ ਹਨ, ਜੋ ਮਨੁੱਖੀ ਖ਼ੂਨ ਵਿੱਚ ਹਲੂਲ ਕਰ ਜਾਂਦੀਆਂ ਹਨ, ਨਾਮ ਜਿਸ ਦੇ ਜਪਣ ਨੇ ਕਿਰਤ ਕਰਦੇ ਮਨੁੱਖ ਦੀ ਪਿਆਰ, ਕਿਰਤ ਅਤੇ ਸੰਪੂਰਨ ਤਿਆਗ ਦੀ ਭਾਵਨਾ ਤੇ ਸੰਭਾਵੀ ਸਲਤਨਤ ਦੀ ਬੁਨਿਆਦ ਰੱਖਣੀ ਹੈ।

ਵਿਚਾਰਕਾਂ ਨੇ ਅਜੇ ਦਸ ਗੁਰੂ ਸਾਹਿਬਾਨ ਦੇ ਵਿਚਾਰਾਂ, ਜਿਨ੍ਹਾਂ ਨੂੰ ਪ੍ਰਗਟਾਉਣ ਲਈ ਵਰਤੀ ਗਈ ਬ੍ਰਾਹਮਣੀ ਭਾਸ਼ਾ ਕਾਰਨ ਅਤੇ ਵਿਰੋਧੀ ਬ੍ਰਾਹਮਣੀ ਮਾਹੌਲ, ਜੋ ਸਦਾ ਮਨੁੱਖ ਦੇ ਅਸਲੀ ਸਭਿਆਚਾਰਕ ਵਿਕਾਸ ਵਿੱਚ ਬਾਧਕ ਰਿਹਾ ਹੈ, ਦੀ ਮਹਾਨਤਾ ਨੂੰ ਸਮਝਣਾ ਹੈ।

ਗੁਰੂ ਸਾਹਿਬਾਂ ਦੀ ਪ੍ਰਤਿਭਾ ਆਪਣੇ ਕ੍ਰਾਂਤੀਕਾਰੀ ਵਿਚਾਰ, ਉਸੇ ਵਿਸ਼ੇਸ਼ ਦੇਸੀ ਭਾਸ਼ਾ ਵਿੱਚ, ਆਪਣੇ ਵਿਚਾਰਾਂ ਦਾ ਵਿਰੋਧ ਕਰਦੇ ਹੋਏ, ਪ੍ਰਗਟ ਕਰਦੀ ਹੈ ਅਤੇ ਆਪਣੇ ਵਿਚਾਰਾਂ ਦੇ ਮੱਥੇ ਤੇ ਪਈਆਂ ਪਰਸਪਰ ਕਟਦੀਆਂ ਲਕੀਰਾਂ ਅਤੇ ਵਿਚਾਰ ਮੰਡਲਾਂ ਨੂੰ ਆਪਣੇ ਜੀਵਨ ਅਤੇ ਕਾਰਨਾਮਿਆਂ ਦੇ ਅਨੁਕਰਣ ਵਿੱਚ ਅਤੇ ਪਿਆਰ ਤੇ ਸੰਪੂਰਨ ਤਿਆਗ ਦਾ, ਜੋ ਪੰਥ ਉਨ੍ਹਾਂ ਸਾਜਿਆ, ਨੂੰ ਪੜ੍ਹਨ ਲਈ ਪਾਠਕ 'ਤੇ ਛੱਡ ਦਿੰਦੀ ਹੈ। ਮੇਰਾ ਇਹ ਵਿਸ਼ਵਾਸ ਹੈ ਕਿ ਇਕ ਰਾਤ ਵਿੱਚ ਅਤੇ ਇਕ ਦਿਨ ਵਿਚ ਜਦੋਂ ਗੁਰੂ ਸਾਹਿਬ ਦੇ ਵਿਚਾਰ, ਜੋ ਕਿ ਧਰਮ ਅਤੇ ਜੀਵਨ ਜਾਚ ਸੰਬੰਧੀ ਪੂਰਬੀ ਵਿਚਾਰਾਂ ਵਿੱਚ ਮੁਕੰਮਲ ਕ੍ਰਾਂਤੀ ਹਨ, ਵੇਖੇ ਜਾਣ ਅਤੇ ਜੇ ਇਹ ਸੰਪੂਰਨ ਸਾਦਗੀ ਨਾਲ ਅਤੇ ਸੁਯੋਗ ਭਾਸ਼ਾ ਵਿੱਚ ਬਿਆਨ ਕੀਤੇ ਜਾਣ ਤਾਂ ਦਸਾਂ ਗੁਰੂ ਸਾਹਿਬਾਂ ਦੀ ਚੇਤਨਤਾ ਸਾਰੇ ਮਨੁੱਖੀ ਸਭਿਆਚਾਰ 'ਤੇ ਛਾ ਜਾਵੇਗੀ। ਉਨ੍ਹਾਂ ਦੀ ਵਡਿਆਈ ਦੀ ਸਾਖੀ, ਮਨੁੱਖ ਦੀ ਬਹੁਪੱਖੀ ਉੱਨਤੀ ਦੀਆਂ ਕਈ ਸਦੀਆਂ ਨੇ ਭਰਨੀ ਹੈ। ਮੈਂ ਇਥੇ ਕਹਿ ਦੇਣਾ ਚਾਹੁੰਦਾ ਹਾਂ ਕਿ ਗੁਰੂ ਸਾਹਿਬਾਂ ਦਾ ਨਿਰਸੰਦੇਹ ਕੁਦਰਤ ਅਤੇ ਰੂਹ ਦਾ ਧਰਮ ਹੈ। ਇਹ ਬ੍ਰਾਹਮਣਾਂ ਦੇ ਅਧਿਆਤਮਿਕ ਅਤੇ ਦਾਰਸ਼ਨਿਕ ਬਕੜਵਾਦ ਤੋਂ ਬਿਲਕੁਲ ਵੱਖਰਾ ਹੈ। ਅੰਤਮ ਦਿਮਾਗੀ ਧਾਰਨਾਵਾਂ, ਜਿਹਾ ਕਿ ਬ੍ਰਾਹਮਣੀ ਦਾਰਸ਼ਨਿਕ ਅਨੁਮਾਨਾਂ ਰਾਹੀਂ ਪੇਸ਼ ਕੀਤੀਆਂ ਜਾਂਦੀਆਂ ਹਨ, ਦੁਆਰਾ ਘੜੀ ਹਕੀਕਤ ਨਾਲ ਇਸ ਦਾ ਕੋਈ ਸੰਬੰਧ ਨਹੀਂ। ਇਹ ਧਾਰਨਾਵਾਂ ਮਰ ਚੁੱਕੀਆਂ ਹਨ।

ਗੁਰੂ ਸਾਹਿਬਾਂ ਦਾ ਮਜ਼ੂਬ ਸੰਖੇਪ ਵਿੱਚ ਜੀਵਨ-ਜਾਚ, ਅਗੰਮੀ ਜੋਤ ਨੂੰ ਜਾਗਦੇ ਰੱਖਣ ਦਾ ਹੈ। ਇਹ ਅਧਿਆਤਮਿਕ ਜਾਂ ਧਰਮ-ਸ਼ਾਸਤਰਾਂ ਅਨੁਸਾਰ ਹੋਣ ਦੀ ਬਜਾਏ ਵਧੇਰੇ ਕਲਾਮਈ ਹੈ ਅਤੇ ਇਹ ਕਿਰਤ, ਕਾਰੀਗਰੀ ਮਨੁੱਖ, ਕੁਦਰਤ ਅਤੇ ਉਨ੍ਹਾਂ ਦੀ ਘਾੜਤ ਵਿਚਲੇ ਹੁਸਨ ਦੀ ਪ੍ਰਸੰਸਾ ਨਾਲ ਭਰਪੂਰ ਹੈ। ਇਸ ਵਿੱਚ ਅਸੀਮ ਖੁਸ਼ੀ ਹੈ ਅਤੇ ਅਸੀਮ ਗ਼ਮ ਵੀ ਹਨ। ਗੁਰੂ-ਪ੍ਰਣਾਲੀ ਵਿੱਚ ਗ਼ਮ, ਜੀਵਨ ਦੇ ਗ਼ਮਾਂ ਰੂਪੀ ਰੁੱਖ 'ਤੇ ਖਿੜਿਆ, ਉਨ੍ਹਾਂ ਲਈ ਨਿਰੀ ਖੁਸ਼ੀ ਹੌਂਕੇ ਭਰੀ, ਧੋਖਾ ਅਤੇ ਟਹਿਣੀਓਂ ਟੁੱਟੇ ਫੁੱਲ ਦੇ ਮੁਰਝਾਉਣ ਸਮੇਂ ਦੇ ਰੰਗਾਂ ਵਾਂਗ ਤਤਵਹੀਣ ਹੈ।

ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਪੰਥ ਇਕ ਅਜਿਹਾ ਸਿੰਘ ਹੈ, ਜਿਸ ਵਿੱਚ ਇਸਤਰੀਆਂ ਖੁੱਲ੍ਹਾ ਅਤੇ ਬਰਾਬਰ ਦਾ ਭਾਗ ਪਾਉਂਦੀਆਂ ਹਨ। ਪੂਰਬ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਇਸਤਰੀ ਨੂੰ ਮਰਦਾਂ ਦੇ ਬਰਾਬਰ ਦਾ ਹੱਕ ਮਿਲਿਆ ਹੈ। ਗੁਰੂ ਸਾਹਿਬਾਂ ਵੱਲੋਂ ਰਚੇ ਗਏ ਸਿੱਖ ਸਾਹਿਤ ਵਿੱਚ ਸਿੱਖਣੀ ਸ਼ਬਦ ਕਿਤੇ ਨਹੀਂ ਮਿਲਦਾ। ਅਨੁਯਾਈ ਜਾਂ ਸਿੱਖ ਲਿੰਗ-ਰਹਿਤ ਨਾਂਵ ਹੈ। ਇਹ ਨਾਮਕਰਣ ਸਭ ਨੂੰ ਦਿਤਾ ਜਾਂਦਾ ਹੈ, ਜੋ ਸੰਗਤ ਵਿੱਚ ਆਉਂਦਾ ਹੈ। ਇਥੇ ਤਾਂ ਪਿਆਰ ਦੇ ਸੇਵਕਾਂ, ਮਰਦਾਂ ਅਤੇ ਇਸਤਰੀਆਂ ਲਈ ਸਿੱਖੀ ਅਤੇ ਪਿਆਰ ਦੇ ਬਰਾਬਰ ਦੇ ਅਧਿਕਾਰਾਂ 'ਤੇ ਸਮਾਜ ਦੀ ਪੁਨਰ-ਉਸਾਰੀ ਕੀਤੀ ਗਈ ਹੈ। ਗੁਰੂ ਸਾਹਿਬਾਂ ਦਾ ਆਦਰਸ਼ ਲਾਸਾਨੀ ਅਤੇ ਕ੍ਰਾਂਤੀਕਾਰੀ ਹੈ।

ਆਓ ਫਿਰ! ਉਹ ਪੰਜਾਬ ਦੇ ਸਿੱਖ ਨੌਜਵਾਨੋਂ! ਅਤੇ ਉਸ ਦੇ ਨਾਮ 'ਤੇ ਸਭ ਕੁਝ ਤਿਆਗ ਕੇ, ਗੁਰੂ ਦਾ ਝੰਡਾ ਬੁਲੰਦ ਅਤੇ ਝੂਲਦਾ ਰੱਖੋ। ਆਓ! ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਬਣੀਏ ਅਤੇ ਇਸ ਜੀਵਨ ਰੂਪੀ ਜੰਗਲ ਦੇ ਕੱਖ-ਕਾਣ ਵਰਗੇ ਅਖਾਉਤੀ ਅਵਤਾਰਾਂ ਦੇ ਫਿਰਕਿਆਂ, ਸਭਾਵਾਂ ਜਾਂ ਕਲੱਬਾਂ ਦੀ ਹੋ ਰਹੀ ਖੁੰਬਾਂ ਵਰਗੀ ਉਤਪਤੀ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦੇਈਏ।

# ਗੁਰੂ ਤੇਗ ਬਹਾਦਰ ਸਾਹਿਬ

ਗੁਰੂ ਤੇਗ ਬਹਾਦਰ ਸਾਹਿਬ ਦਾ 'ਜੀਵਨ' ਤਿਆਗ, ਗਿਆਨ, ਨਿਡਰਤਾ ਤੇ ਸਹਿਜ ਨਾਲ ਸ਼ਿੰਗਾਰਿਆ ਹੋਇਆ ਹੈ। ਸਿੱਖ ਇਤਿਹਾਸ ਵਿਚ ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਨਾਮ 'ਤਿਆਗ ਮੱਲ' ਕਰਕੇ ਹੀ ਪ੍ਰਸਿੱਧ ਹੈ। ਬਚਪਨ ਤੋਂ ਸ਼ਹਾਦਤ ਤਕ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਵਿਚ 'ਪਕੜ' ਦੀ ਕੋਈ ਹੋਂਦ ਜਾਂ ਥਾਂ ਨਹੀਂ।

ਸਾਖੀ ਹੈ ਕਿ ਗੁਰੂ ਤੇਗ ਬਹਾਦਰ ਜੀ ਹਾਲਾਂ ਪੰਜ ਸਾਲ ਦੇ ਸਨ। ਗੁਰੂ-ਸਪੁੱਤਰ ਹੋਣ ਕਰਕੇ, ਉਨ੍ਹਾਂ ਨੇ ਬੜੀ ਸਵੱਛ ਤੇ ਕੀਮਤੀ ਪੁਸ਼ਾਕ ਪਾਈ ਹੋਈ ਸੀ। ਆਪਣੇ ਹਾਣ ਦਾ ਹੀ ਇਕ ਬਾਰਿਕ ਦਿਸ ਪਿਆ, ਜਿਸ ਦਾ ਤਨ ਬਿਲਕੁਲ ਨੰਗਾ ਸੀ। ਸਾਖੀਕਾਰ ਕਹਿੰਦਾ ਹੈ ਕਿ ਗੁਰੂ ਤੇਗ ਬਹਾਦਰ ਪਾਤਿਸ਼ਾਹ ਇਸ ਦਾ ਨੰਗੇਜ਼ ਸਹਿ ਨਾ ਸਕੇ, ਉਨ੍ਹਾਂ ਆਪਣੇ ਕਪੜੇ ਉਤਾਰ ਕੇ ਉਸ ਬੱਚੇ ਨੂੰ ਦੇ ਦਿਤੇ, ਤੇ ਪਿਤਾ ਗੁਰੂ ਹਰਿ ਗੋਬਿੰਦ ਜੀ ਕੋਲ ਜਾ ਨੰਗੇਜ਼ ਢਕਣ ਲਈ ਅਤੇ ਕੀਤੇ ਤਿਆਗ ਦੀ ਅਥਾਹ ਖੁਸ਼ੀ ਮਨਾਈ। ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਤੇ ਸ਼ਹਾਦਤ ਵਿਚ ਵੀ ਇਹ 'ਆਪਾ ਤਿਆਗ' ਦੀ ਭਾਵਨਾ, ਕੇਂਦਰ-ਬਿੰਦੂ ਬਣ ਕ ਪ੍ਰਚੰਡ ਰੂਪ ਵਿਚ ਉਜਾਗਰ ਹੁੰਦੀ ਹੈ।

ਗੁਰੂ ਤੇਗ ਬਹਾਦਰ ਜੀ ਦਾ ਜਨਮ ੧ ਅਪ੍ਰੈਲ ੧੬੨੧ ਈ: (ਵੈਸਾਖ ਵਦੀ ੫ ੧੬੭੮) ਨੂੰ ਮਾਤਾ ਨਾਨਕੀ ਜੀ ਦੀ ਕੁੱਖੋਂ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ, ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਰਉਪਕਾਰੀ ਤੇ ਯੋਧਾ ਸ਼ਖਸੀਅਤ ਨੇ 'ਤਿਆਗ ਮੱਲ' ਦੀ ਪ੍ਰਤਿਭਾ ਨੂੰ 'ਤੇਗ ਬਹਾਦਰ' ਦੇ ਰੂਪ ਵਿਚ ਢਾਲਣ ਲਈ ਜੋ ਯੋਗਦਾਨ ਪਾਇਆ ਹੈ, ਉਸ ਦਾ ਆਪਣਾ ਇਤਿਹਾਸਕ ਗੌਰਵ ਹੈ, ਪਰ ਕਰਤਾਰਪੁਰ ਦੀ ਜੰਗ ਵਿਚ ੧੩ ਸਾਲ ਦੀ ਉਮਰ ਵਿਚ 'ਤਿਆਗ ਮੱਲ' ਨੇ ਜਿਸ ਬਹਾਦਰੀ ਨਾਲ 'ਤੇਗ' ਵਾਹੀ, ਉਸ ਦਾ ਫਲ ਹੀ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸਪੁਤਰ 'ਤਿਆਗ ਮੱਲ' ਨੂੰ 'ਤੇਗ ਬਹਾਦਰ' ਦਾ ਵਰਦਾਨ ਦੇ ਕੇ, ਅਗੋਂ ਤੇਗ ਬਹਾਦਰ ਜੀ ਦੇ ਨਾਮ ਨਾਲ ਹੀ ਬੁਲਾਉਣਾ ਸ਼ੁਰੂ ਕਰ ਦਿਤਾ।

ਗੁਰੂ ਤੇਗ ਬਹਾਦਰ ਜੀ ਦੀ ਧਰਮ-ਸਾਧਨਾ, ਭਗਤੀ-ਭਾਵਨਾ ਤੇ ਗੁਰੂ-ਸ਼ਰਨ ਵਿਚ ਰਹਿਣ ਦੀ ਬਿਰਤੀ ਵੀ ਪ੍ਰਚੰਡ ਸੀ। ੧੬੪੪ ਈਸਵੀ ਨੂੰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤੀ ਜੋਤਿ ਸਮਾ ਗਏ ਤਾਂ ਗੁਰੂ ਤੇਗ ਬਹਾਦਰ ਜੀ ਸ੍ਰੀ ਅੰਮ੍ਰਿਤਸਰ ਛਡਿ, ਮਾਤਾ ਨਾਨਕੀ ਜੀ ਤੇ ਸੁਪਤਨੀ ਗੁਜਰੀ ਜੀ ਸਮੇਤ ਬਾਬਾ ਬਕਾਲੇ ਆ ਗਏ। ਬਾਬਾ ਬਕਾਲੇ ਵਿਖੇ ਗੁਰੂ ਤੇਗ ਬਹਾਦਰ ਜੀ ਨੇ ਲਗਾਤਾਰ ੨੦ ਸਾਲ ਇਕਾਗਰ-ਚਿਤ ਤੇ ਸਮਾਧੀ-ਸਥਿਤ ਹੋ ਕੇ ਜੋ ਪ੍ਰਭੂ ਭਗਤੀ ਤੇ ਧਰਮ-ਸਾਧਨਾ ਕੀਤੀ, ਉਸ ਦਾ ਸਿੱਟਾ ਹੀ ਸੀ ਕਿ ਗੁਰੂ ਤੇਗ ਬਹਾਦਰ ਜੀ 'ਗੁਰੂ ਸਰੂਪ' ਵਿਚ ਪ੍ਰਵਾਨਿਤ ਨਾ ਹੋਣ ਦੇ ਬਾਵਜੂਦ ਵੀ, ਅੰਦਰੋਂ ਬਾਹਰੋਂ 'ਗੁਰੂ-ਜੋਤਿ ਤੇ ਜੁਗਤਿ' ਨਾਲ ਜੁੜੇ ਰਹੇ।

੧੬੬੪ ਈਸਵੀ ਵਿਚ ਜਦੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਦਿੱਲੀ ਵਿਚ ਜੋਤੀ ਜੋਤਿ ਸਮਾਉਣ ਵੇਲੇ 'ਬਾਬਾ ਬਕਾਲੇ' ਕਹਿ ਕੇ, ਨੌਵੀਂ ਗੁਰੂ-ਜੋਤਿ ਦਾ ਸੰਕੇਤ ਕੀਤਾ ਤਾਂ ਭਾਵੇਂ ਵਿਰੋਧੀਆਂ ਵਲੋਂ ੨੨ ਗੁਰੂ-ਮੰਜੀਆਂ ਵਿਛਾ ਦਿਤੀਆਂ ਗਈਆਂ, ਪਰ ਭਾਈ ਮੱਖਣ ਸ਼ਾਹ ਨੇ ਤੇਗ ਬਹਾਦਰ ਜੀ ਨੂੰ 'ਗੁਰੂ ਲਾਧੋ ਰੇ' ਦੇ ਰੂਪ ਵਿਚ ਪ੍ਰਗਟ ਕਰ ਕੇ, ਸਮੁਚੇ ਸਿਖ-ਜਗਤ ਨੂੰ ਸਪੱਸ਼ਟ ਕਰ ਦਿਤਾ ਕਿ ਗੁਰੂ ਨਾਨਕ ਪਰੰਪਰਾ ਤੇ ਰਾਜ-ਸਿੰਘਾਸਣ ਦੇ ਨੌਵੇਂ ਗੁਰੂ ਵਾਰਿਸ ਕੇਵਲ ਗੁਰੂ ਤੇਗ ਬਹਾਦਰ ਜੀ ਹਨ, ਹੋਰ ਕੋਈ ਧੀਰ-ਮੱਲੀਆ, ਰਾਮ-ਰਾਈਆ, ਮੀਣਾ ਜਾਂ ਸੋਢੀ ਨਹੀਂ।

੧੬੬੪ ਈਸਵੀ ਵਿਚ ਹੀ ਗੁਰੂ ਤੇਗ ਬਹਾਦਰ ਜੀ ਨੇ ਗੁਰ-ਗੱਦੀ ਉਤੇ ਬਿਰਾਜਮਾਨ ਹੋ ਕੇ, ਸਿਖ ਲਹਿਰ ਦੀ

ਸੰਭਾਲ ਤੇ ਭਾਰਤੀਆਂ ਦੀ ਮਾਨਸਿਕ, ਧਾਰਮਿਕ, ਸਮਾਜਕ ਤੇ ਰਾਜਨੀਤਕ ਦਸ਼ਾ ਨੂੰ ਵੇਖਣ ਤੇ ਵਾਚਣ ਲਈ ਤੇ ਖਾਸ ਕਰਕੇ ਅਧਿਆਤਮਿਕ ਜਾਗ੍ਰਤੀ ਪ੍ਰਦਾਨ ਕਰਨ ਲਈ, ਪਹਿਲਾਂ ਪੰਜਾਬ ਦਾ, ਫਿਰ ਉਤਰੀ ਭਾਰਤ ਦੇ ਅਨੇਕ ਮਹੱਤਵ-ਪੂਰਨ ਸ਼ਹਿਰਾਂ ਦਾ ਤੇ ਅਖ਼ੀਰ ਅਸਾਮ ਤਕ ਪ੍ਰਚਾਰ-ਸਫ਼ਰ ਕੀਤਾ।

*('ਸੀਸ ਗੰਜ' ਵਿਚਲੇ ਪ੍ਰੋ ਜੋਗਿੰਦਰ ਸਿੰਘ ਜੀ ਦੇ ਲੇਖ ਵਿਚੋਂ)*

## (੨)

ਤੀਹ ਸਾਲ ਬਾਬਾ ਬਕਾਲੇ ਵਿਚ ਟਿਕੇ ਰਹਿਣ ਪਿਛੋਂ ਹੁਣ ਸਤਿਗੁਰੂ ਜੀ ਬਾਹਰ ਦੁਆਲੇ ਦੇ ਇਲਾਕੇ ਵਿਚ ਗੁਰੂ ਨਾਨਕ ਦੇਵ ਜੀ ਦਾ ਜੀਵਨ-ਸਨੇਹਾ ਪਰਚਾਰਨ ਲਈ ਚਲ ਪਏ। ਭਾਈ ਮੱਖਣ ਸ਼ਾਹ ਭੀ ਅਜੇ ਨਾਲ ਹੀ ਸੀ। ਕਈ ਪਿੰਡਾਂ ਵਿਚੋਂ ਹੁੰਦੇ ਹੋਏ ਸਤਿਗੁਰੂ ਜੀ ਸੰਨ ੧੬੬੫ ਈ: ਦੇ ਸ਼ੁਰੂ ਵਿਚ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦਾ ਦਰਸ਼ਨ ਕਰਨ ਆਏ। ਪੁਜਾਰੀਆਂ ਸੇਵਕਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਕਰਦਿਆਂ ੩੪ ਸਾਲ ਹੋ ਚੁਕੇ ਸਨ। ਇਥੋਂ ਦੀ ਪੂਜਾ-ਭੇਟ ਦੀ ਆਮਦਨ ਉਨ੍ਹਾਂ ਦੀ ਰੋਜ਼ੀ ਦਾ ਵਸੀਲਾ ਸੀ। ਜੇ ਗੁਰੂ ਤੇਗ ਬਹਾਦਰ ਸਾਹਿਬ ਅੰਮ੍ਰਿਤਸਰ ਨੂੰ ਆਪਣਾ ਨਿਵਾਸ-ਅਸਥਾਨ ਬਣਾ ਲੈਂਦੇ ਤਾਂ ਉਨ੍ਹਾਂ ਦੀ ਰੋਜ਼ੀ ਦੇ ਡੋਲਣ ਦਾ ਖ਼ਤਰਾ ਸੀ। ਇਸ ਕਰਕੇ ਪੁਜਾਰੀ ਦਰਵਾਜ਼ੇ ਬੰਦ ਕਰ ਕੇ ਚਲੇ ਗਏ। ਸ੍ਰੀ ਹਰਿਮੰਦਰ ਸਾਹਿਬ ਦਾ ਦਰਸ਼ਨ ਕੀਤੇ ਬਿਨਾਂ ਹੀ ਸਤਿਗੁਰੂ ਜੀ ਵਾਪਸ ਮੁੜ ਪਏ। ਅੰਮ੍ਰਿਤਸਰ ਤੋਂ ਵਾਪਸੀ ਸਮੇਂ ਵੱਲੇ ਦੀ ਸੰਗਤ ਨੇ ਬੜੇ ਆਦਰ ਸਤਿਕਾਰ ਨਾਲ ਸੇਵਾ ਕੀਤੀ। ਵੱਲੋਂ ਤੋਂ ਬਕਾਲੇ ਅਤੇ ਬਕਾਲੇ ਤੋਂ ਕਰਤਾਰਪੁਰ ਰਸਤੇ ਸਿਖ-ਸੇਵਕਾਂ ਸਮੇਤ ਸਤਿਗੁਰੂ ਜੀ ਕੀਰਤਪੁਰ ਅਪੜੇ

੧੬੩੪ ਤੋਂ ੧੬੬੪ ਤਕ ੩੦ ਸਾਲ ਕੀਰਤਪੁਰ ਹੀ ਕੇਂਦਰੀ ਗੁਰ-ਅਸਥਾਨ ਬਣਿਆ ਰਿਹਾ। ਪਰ ਹੁਣ ਗੁਰੂ ਤੇਗ ਬਹਾਦਰ ਸਾਹਿਬ ਨੇ ਗੁਆਂਢੀ ਰਿਆਸਤ ਕਹਿਲੂਰ ਤੋਂ ਪਿੰਡ ਮਾਖੋਵਾਲ ਦੀ ਜ਼ਮੀਨ ਮੁੱਲ ਲੈ ਕੇ ਉਥੇ ਨਗਰ ਅਨੰਦਪੁਰ ਵਸਾਇਆ।

ਉਸ ਵਕਤ ਤਕ ਅਰੰਗਜ਼ੇਬ ਨੇ ਧਾਰਮਿਕ ਵਿਤਕਰਾ ਸ਼ੁਰੂ ਕਰ ਦਿਤਾ ਸੀ ਅਤੇ ਹਿੰਦੂਆਂ ਉੱਤੇ ਸਖ਼ਤੀ ਸ਼ੁਰੂ ਹੋ ਚੁੱਕੀ ਸੀ। ਹਿੰਦ ਦੀ ਚਾਦਰ ਸਤਿਗੁਰੂ ਜੀ ਨੇ ਜ਼ਿਮੇਵਾਰੀ ਸੰਭਾਲਦਿਆਂ ਹੀ ਪਹਿਲਾਂ ਪੂਰਬ ਦੇਸ਼ ਦਾ ਰੁਖ ਕੀਤਾ। ਇਨ੍ਹਾਂ ਦੀ ਬਾਣੀ ਪੜ੍ਹ ਕੇ ਵਖ, ਤਕਰੀਬਨ ਹਰੇਕ ਸ਼ਬਦ ਵਿਚ ਦਰੋਪਤੀ, ਗਜ, ਅਜਾਮਲ, ਧਰੂ ਆਦਿਕ ਦੇ ਹਵਾਲੇ ਦੇ ਕੇ ਨਿਰਭੈਤਾ ਦਾ ਉਪਦੇਸ਼ ਕੀਤਾ ਹੋਇਆ ਹੈ। ਸੋ, ਹਿੰਦੂ ਜਨਤਾ ਨੂੰ ਧੀਰਜ ਦੇਣ ਲਈ ਸਿਖ ਧਰਮ ਦੇ ਪਰਚਾਰ ਦੇ ਕੰਮ ਨੂੰ ਵਧੀਕ ਪੱਕੇ ਪੈਰਾਂ ਤੇ ਖੜਾ ਕਰਨ ਲਈ ਅਤੇ ਦੂਰ ਦੁਰੇਡੇ ਵਸਦੇ ਸਿੱਖਾਂ ਵਿਚ ਸਿੱਖੀ ਜੀਵਨ ਦੀ ਲਹਰ ਨੂੰ ਹੋਰ ਤਿੱਖੀ ਕਰਨ ਵਾਸਤੇ ਗੁਰੂ ਤੇਗ਼ ਬਹਾਦਰ ਸਾਹਿਬ ਨੇ ਪੂਰਬ ਦੇਸ਼ ਵੱਲ ਲੰਮਾ ਚੱਕਰ ਲਾਇਆ। ਪਰਵਾਰ, ਕੀਰਤਨੀਏ ਰਬਾਬੀ ਅਤੇ ਕੁਝ ਹੋਰ ਉੱਘੇ ਸਿੱਖ ਭੀ ਨਾਲ ਗਏ।

ਅਨੰਦਪੁਰ ਤੋਂ ਚੱਲ ਕੇ ਘਨੌਲੀ, ਰੋਪੜ, ਦਾਦੂ ਮਾਜਰਾ-ਨੌਲਖਾ, ਲੰਗ ਆਦਿਕ ਪਿੰਡਾਂ ਵਿਚੋਂ ਹੋ ਕੇ ਸਤਿਗੁਰੂ ਜੀ ਮੂਲੀਵਾਲ ਪਹੁੰਚੇ। ਇੱਥੇ ਪੰਜ ਦਿਨ ਟਿਕੇ। ਪਿੰਡ ਦਾ ਪਾਣੀ ਖਾਰਾ ਸੀ। ਸਤਿਗੁਰੂ ਦੀ ਹਦਾਇਤ ਅਤੇ ਮਾਇਕ ਸਹਾਇਤਾ ਦੀ ਬਰਕਤਿ ਨਾਲ ਡੂੰਘੇ ਪੁੱਟੇ ਖੂਹਾਂ ਵਿਚੋਂ ਮਿੱਠਾ ਪਾਣੀ ਨਿਕਲਿਆ। ਮੂਲੋਵਾਲ ਤੋਂ ਫਰਵਾਹੀ, ਹੰਢਾਇਆ, ਭੰਦੋਹਰ, ਖੀਵਾ, ਭੀਖ ਆਦਿਕ ਪਿੰਡਾਂ ਵਿਚ ਸਤਿਗੁਰੂ ਜੀ ਨੇ ਲੋੜ ਅਨੁਸਾਰ ਟਿਕਾਣਾ ਕੀਤਾ। ਇਨ੍ਹਾਂ ਲੋਕਾਂ ਨੂੰ ਗੋਰ ਗੁੱਗਾ ਆਦਿਕ ਪੂਜਣ ਤੋਂ ਵਰਜ ਕੇ ਇਕ ਅਕਾਲ ਪੁਰਖ ਦੀ ਭਗਤੀ ਦਾ ਰਾਹ ਦੱਸਿਆ।

ਭੀਖੀ ਤੋਂ ਅਗਾਂਹ ਪਿੰਡ ਦਲੇਕੇ, ਅਲੀਸ਼ੇਰ, ਖਿਆਲਾ, ਪੋੜ, ਮਾਈਜ਼ਰ ਖਾਨਾ ਆਦਿਕ ਤੋਂ ਹੁੰਦੇ ਹੋਏ ਸਤਿਗੁਰੂ ਜੀ ਸਾਬੋ ਕੀ ਤਲਵੰਡੀ ਅਪੜੇ। ਇਥੋਂ ਗੁਰਦੁਆਰਾ ਦਮਦਮਾ ਸਾਹਿਬ ਹੈ। ਇਥੋਂ ਅਗਾਂਹ ਧਰਮ ਦਾ ਕੋਟ, ਬੱਲੇਆਣਾ, ਗੋਬਿੰਦਪੁਰਾ, ਸੰਘੋੜੀ ਤੇ ਗੁੜਨਾ ਆਦਿਕ ਪਿੰਡਾਂ ਵਿਚੋਂ ਲੰਘੇ। ਜਿਥੇ ਜਿਥੇ ਭੀ ਸਤਿਗੁਰੂ ਜੀ ਜਾਂਦੇ, ਲੋਕਾਂ ਨੂੰ ਮੰਦੇ ਕਰਮਾਂ ਵਲੋਂ ਰੋਕਦੇ ਕਈ ਪਿੰਡਾਂ ਵਿਚ ਹੁੰਦੇ ਹੋਏ ਸਤਿਗੁਰੂ ਜੀ ਧਮਧਾਣ ਪਹੁੰਚੇ। ਇਥੋਂ ਪਿੰਡ ਖੁਰਕ, ਖਟਕੜ, ਟੋਕ ਹੁੰਦੇ ਕੈਂਥਲ ਅਪੜੇ। ਇਥੋਂ ਬਾਰਨੇ ਪਿੰਡ, ਤੇ ਬਾਰਨੇ ਤੋਂ ਥਾਨੇਸਰ ਸ਼ਹਿਰ ਪਹੁੰਚੇ। ਲੋਕਾਂ ਨੂੰ ਚੋਰੀ, ਗੋਰ-ਗੁੱਗੇ ਦੀ ਪੂਜਾ ਅਤੇ ਤਮਾਕੂ ਪੀਣ ਤੋਂ ਵਰਜ ਕੇ ਖਲਕਤ ਦੀ ਸੇਵਾ ਤੇ ਪਰਮਾਤਮਾ ਦੀ ਭਗਤੀ ਦਾ ਉਪਦੇਸ਼ ਦਿਤਾ। ਥਾਨੇਸਰ ਤੋਂ ਬਨੀ ਬਦਰ, ਕੜਾ ਮਾਣਕਪੁਰ ਪਹੁੰਚੇ। ਉਥੇ ਇਕ ਜੋਗੀਰਾਜ ਮਲੂਕ ਦਾਸ ਰਹਿੰਦਾ ਸੀ, ਉਹ ਸ਼ਰਧਾਵਾਨ ਬਣਿਆ।

ਕੜੇ ਮਾਣਕਪੁਰ ਤੋਂ ਸਤਿਗੁਰੂ ਜੀ ਸਾਥੀਆਂ ਸਮੇਤ ਮਥਰਾ ਅਤੇ ਮਥਰਾ ਤੋਂ ਆਗਰੇ ਗਏ। ਉਥੇ ਮਾਈਥਾਨ ਦੇ ਕੋਲ ਇਸ ਯਾਦ ਵਿਚ ਗੁਰਦੁਆਰਾ ਹੈ। ਇਥੋਂ ਨਗਰ ਅਟਾਵਾ ਹੁੰਦੇ ਹੋਏ ਕਾਨਪੁਰ ਤੇ ਅਲਾਹਾਬਾਦ (ਪ੍ਰਯਾਗ) ਅਪੜੇ। ਸਤਿਗੁਰੂ ਜੀ ਨੇ ਉਥੇ ਆਏ ਜਾਤਰੂਆਂ ਨੂੰ ਸਮਝਾਇਆ

ਕਿ ਸਭ ਤੋਂ ਵੱਡਾ ਤੀਰਥ ਸਿੱਖ ਸੰਗਤ ਹੈ। ਸਤਸੰਗ ਵਿਚ ਪ੍ਰਭੂ ਦੀ ਸਿਫਤ ਸਲਾਹ ਕੀਤਿਆਂ ਪ੍ਰਭੂ ਨਾਲ ਮੇਲ ਹੁੰਦਾ ਹੈ, ਪ੍ਰਭੂ-ਮਿਲਾਪ ਹੀ ਪੂਰਾ ਇਸ਼ਨਾਨ ਹੈ।

ਪ੍ਰਯਾਗ ਤੋਂ ਚਲ ਕੇ ਮਿਰਜ਼ਾਪੁਰ ਤੋਂ ਕਾਂਸ਼ੀ ਪਹੁੰਚੇ। ਯਾਦ ਵਿਚ ਉਥੋਂ ਦੇ ਗੁਰਦੁਆਰੇ ਹਨ। ਕਾਂਸ਼ੀ ਤੋਂ ਸ਼ਹਿਰ ਸਸਰਾਮ ਪਹੁੰਚੇ। ਇਥੋਂ ਹਿੰਦੂਆਂ ਦਾ ਪ੍ਰਸਿੱਧ ਤੀਰਥ ਗਯਾ ਪਹੁੰਚੇ। ਗਯਾ ਤੋਂ ਉਤਰ ਵੱਲ ਰੁਖ਼ ਕਰਕੇ ਪਟਨੇ ਗਏ। ਸ਼ਹਿਰ ਦੇ ਬਾਹਰ ਇਕ ਬਾਗ ਵਿਚ ਇਮਲੀ ਦੇ ਰੁੱਖ ਹੇਠ ਉਤਰੇ। ਇਥੋਂ ਦਾ ਪ੍ਰਸਿੱਧ ਸਿੱਖ ਭਾਈ ਜੈਤਾ, ਉਨ੍ਹਾਂ ਨੂੰ ਆਪਣੇ ਘਰ ਲੈ ਗਿਆ। ਕੁੱਝ ਦਿਨ ਪਟਨੇ ਵਿਚ ਟਿਕੇ। ਫਿਰ ਪਰਵਾਰ ਨੂੰ ਇਥੇ ਛੱਡ ਕੇ ਆਪ ਆਸਾਮ ਵੱਲ ਚੱਲ ਪਏ।

ਪਟਨੇ ਤੋਂ ੭੦-੮੦ ਮੀਲਾਂ ਦੀ ਵਿੱਥ ਤੋਂ ਮੁੰਗੇਰ ਸ਼ਹਿਰ ਪਹੁੰਚ। ਫਿਰ ਪੂਰਬ ਵੱਲ ਨਗਰ ਭਾਗਲਪੁਰ ਗਏ। ਅਗਾਂਹ ਬੰਗਾਲ ਪ੍ਰਾਂਤ ਦੇ ਨਗਰ ਮਾਲਵਾ ਵਿੱਚ ਜਾ ਡੇਰਾ ਕੀਤਾ। ਇਥੋਂ ਮੁਰਸ਼ਿਦਾਬਾਦ ਹੁੰਦੇ ਹੋਏ ਜਦੋਂ ਸਤਿਗੁਰੂ ਜੀ ਢਾਕੇ ਪਹੁੰਚੇ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ੨੬ ਦਸੰਬਰ ੧੬੬੬ ਈ: ਨੂੰ ਜਨਮ ਲੈਣ ਦੀ ਖ਼ਬਰ ਆਈ। ਪਰਵਾਰ ਦੀ ਸੇਵਾ ਆਦਿਕ ਲਈ ਸਤਿਗੁਰੂ ਜੀ ਨੇ ਪਟਨੇ ਦੀ ਸੰਗਤ ਨੂੰ ਧੰਨਵਾਦ ਦੀ ਚਿੱਠੀ ਲਿਖੀ।

ਸਤਿਗੁਰੂ ਜੀ ਦੱਖਣੀ ਆਸਾਮ ਵਲੋਂ ਹੋ ਕੇ ਉਤਰੀ ਆਸਾਮ ਪਹੁੰਚੇ। ਰਾਜਾ ਰਾਮ ਸਿੰਘ ਤੇ ਦੋਹਾਂ ਧਿਰਾਂ ਦੀ ਸੁਲਾਹ ਕਰਾਈ ਅਤੇ ਖ਼ੂਨ-ਖ਼ਰਾਬਾ ਬੰਦ ਕਰਾਇਆ। ਇਹ ਜ਼ਿਕਰ ੧੬੭੦ ਦਾ ਹੈ।

੧੬੬੯ ਈ: ਵਿਚ ਗੁਰੂ ਸਾਹਿਬ ਆਸਾਮ ਬੰਗਾਲ ਆਏ ਹੋਏ ਸਨ ਜਦ ਔਰੰਗਜ਼ੇਬ ਨੇ ਸਾਰੇ ਭਾਰਤ ਵਾਸਤੇ ਹੁਕਮ ਜਾਰੀ ਕੀਤਾ ਕਿ ਕਾਫਰਾਂ ਦੀਆਂ ਸਭ ਪਾਠਸ਼ਾਲਾਂ ਅਤੇ ਮੰਦਰ ਢਾਹ ਦਿਤੇ ਜਾਣ, ਜਿਸ ਸਦਕਾ ਮਥਰਾ, ਅਜੁਧਿਆ, ਬਨਾਰਸ ਆਦਿਕ ਹਿੰਦੂ ਸਭਿਅਤਾ ਵਾਲੇ ਸ਼ਹਿਰਾਂ ਦੇ ਪੁਰਾਣੇ ਮੰਦਰ ਢਾਹ ਦਿਤੇ ਗਏ ਅਤੇ ਕਈਆਂ ਨੂੰ ਮਸਜਿਦਾਂ ਵਿਚ ਤਬਦੀਲ ਕਰ ਦਿੱਤਾ ਗਿਆ।

ਔਰਗਜ਼ੇਬ ਦੀ ਇਸ ਨਵੀਂ ਰਾਜਨੀਤੀ ਦਾ ਅਸਰ ਸੁਣ ਵੇਖ ਕੇ ਸਤਿਗੁਰੂ ਜੀ ਛੇਤੀ ਪੰਜਾਬ ਨੂੰ ਪਰਤੇ। ਪਹਿਲੇ ਪਟਨੇ ਆਏ। ਥੋੜਾ ਸਮਾਂ ਟਿਕੇ ਅਤੇ ਪੁੱਤਰ 'ਤੇ ਪਰਵਾਰ ਨੂੰ ਸ਼ਰਧਾਲੂ ਸਿੱਖਾਂ ਦੀ ਨਿਗਰਾਨੀ ਵਿਚ ਛੱਡ ਕੇ ਆਪ ਬਕਸਰ, ਬਨਾਰਸ ਤੋਂ ਅਜੁਧਿਆ ਆਦਿ ਸ਼ਹਿਰਾਂ ਤੋਂ ਹੁੰਦੇ ਹੋਏ, ਤਿੰਨ ਮਹੀਨਿਆਂ ਵਿਚ ਅਨੰਦਪੁਰ ਪਹੁੰਚ ਗਏ। ਕੁਝ ਸਮੇਂ ਪਿਛੋਂ ਸਤਿਗੁਰੂ ਜੀ ਨੇ ਪਰਵਾਰ ਨੂੰ ਪਟਨੇ ਤੋਂ ਮੰਗਾ ਲਿਆ।

ਸਾਰੇ ਉਤਰੀ ਤੇ ਪੂਰਬੀ ਭਾਰਤ ਵਿਚ ਹੀ ਅਰੰਗਜ਼ੇਬ ਦੇ ਹੁਕਮ ਨਾਲ ਸਖ਼ਤੀ ਦੀ ਲਹਿਰ ਚਲਾਈ ਗਈ। ਕਸ਼ਮੀਰ ਵਿਚ ਓਦੋਂ ਸ਼ੇਰ ਅਫ਼ਗਨ ਖਾਂ ਸੂਬੇਦਾਰ ਸੀ। ਉਸ ਨੇ ਤਲਵਾਰ ਦੇ ਜ਼ੋਰ ਨਾਲ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਣਾ ਸ਼ੁਰੂ ਕੀਤਾ। ਪੰਡਿਤਾਂ ਨੇ ਮੁਗ਼ਲਾਂ ਦੀ ਤਲਵਾਰ ਅਗੇ ਝੁਕਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਸਾਹਿਬ ਦਾ ਆਸਰਾ ਲਿਆ।

ਸਹਿਮ ਨਾਲ ਨਿਤਾਣੇ ਹੋਏ ਲੋਕ ਕੁਰਬਾਨੀ ਦੇ ਨਿਰੇ ਦੱਸੇ ਹੋਏ ਰਾਹ ਉਤੇ ਨਹੀਂ ਸਨ ਤੁਰ ਸਕਦੇ। ਸਤਿਗੁਰੂ ਜੀ ਨੇ ਜ਼ਰੂਰੀ ਸਮਝਿਆ ਕਿ ਕਮਜ਼ੋਰਾਂ ਵਿਚ ਜਿੰਦ ਪਾਣ ਲਈ, ਉਨ੍ਹਾਂ ਦੀ ਖ਼ਾਤਰ, ਜ਼ੁਲਮ ਅਗੇ ਨਿਡਰ ਹੋ ਕੇ ਆਪਣਾ ਸੀਸ ਪੇਸ਼ ਕੀਤਾ ਜਾਏ। ਕਸ਼ਮੀਰੀ ਪੰਡਿਤਾਂ ਨੂੰ ਸਤਿਗੁਰੂ ਜੀ ਨੇ ਕਹਿ ਦਿਤਾ ਕਿ ਤੁਸੀਂ ਬਾਦਸ਼ਾਹ ਨੂੰ ਲਿਖ ਭੇਜੋ, ਕਿ ਗੁਰੂ ਤੇਗ ਬਹਾਦਰ ਸਾਡੇ ਧਾਰਮਿਕ ਰਾਹਬਰ ਹਨ, ਜੇ ਉਹ ਮੁਸਲਮਾਨ ਬਣ ਗਏ ਤਾਂ ਅਸੀਂ ਸਾਰੇ ਹੀ ਇਸਲਾਮ ਕਬੂਲ ਲਵਾਂਗੇ।

ਸਤਿਗੁਰੂ ਜੀ ੧੬੭੪ ਵਿਚ ਅਨੰਦਪੁਰ ਤੋਂ ਚਲ ਪਏ। ਕਈ ਸਿਖ ਨਾਲ ਹੋ ਤੁਰੇ, ਕਿਉਂਕਿ ਆਪ ਜੀ ਦੇਸ਼ ਵਿਚ ਸਹਿਮੇ ਹੋਏ ਲੋਕਾਂ ਨੂੰ ਨਿਡਰਤਾ ਦਾ ਪਰਚਾਰ ਕਰਨ ਹੀ ਤੁਰੇ ਸਨ। ਅਨੰਦਪੁਰ ਤੋਂ ਕੀਰਤਪੁਰ ਅਤੇ ਰੋਪੜ ਨਨਹੇੜਾ ਆਦਿਕ ਪਿੰਡਾਂ ਵਿਚੋਂ ਸਿੱਧੇ ਸੈਫ਼ਾਬਾਦ ਪੁੱਜੇ। ਸ਼ੈਫ਼ਾਬਾਦ ਤੋਂ ਸਮਾਣੇ ਆਏ। ਸਮਾਣੇ ਤੋਂ ਕੈਂਥਲ, ਲੱਖਣ ਮਾਜਰੇ ਦੇ ਰਸਤੇ ਰੋਹਤਕ ਆਏ। ਰਸਤੇ ਵਿਚ ਜਿਥੇ ਜਿਥੇ ਪਾਣੀ ਦੀ ਘਾਟ ਕਰਕੇ ਲੋਕਾਂ ਨੂੰ ਔਖਿਆਈ ਸੀ, ਉਥੇ ਖੂਹ ਤੇ ਬਾਉਲੀਆਂ ਲਵਾਂਦੇ ਗਏ ਅਤੇ ਘਾਬਰੇ ਹੋਏ ਹਿੰਦੂ ਲੋਕਾਂ ਨੂੰ ਦਲੇਰੀ ਦੇਂਦੇ ਗਏ।

ਔਰੰਗਜ਼ੇਬ ਹਸਨ ਅਬਦਾਲ ਵਾਲੇ ਪਾਸੇ ਗਿਆ ਹੋਇਆ ਸੀ। ਉਸ ਪਾਸ ਤੁਰਕ ਹਾਕਮਾਂ ਦੀਆਂ ਰਪੋਟਾਂ ਪਹੁੰਚੀਆਂ, ਕਸ਼ਮੀਰੀ ਬ੍ਰਾਹਮਣਾਂ ਦੀ ਅਰਜ਼ੀ ਭੀ ਅਪੜੀ। ਗੁਰੂ ਤੇਗ ਬਹਾਦਰ ਸਾਹਿਬ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕੀਤੇ ਗਏ। ਇਤਨੇ ਨੂੰ ਸਤਿਗੁਰੂ ਜੀ ਆਗਰੇ ਦੇ ਇਲਾਕੇ ਵਿਚ ਅਪੜ ਚੁਕੇ ਸਨ, ਅਤੇ ਉਦੋਂ ਉਨ੍ਹਾਂ ਦੇ ਨਾਲ ਖਾਸ ਪੰਜ ਸਿਖ ਸੇਵਕ-ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਗੁਰਦਿੱਤਾ, ਭਾਈ ਊਦਾ ਅਤੇ ਭਾਈ ਜੈਤਾ ਹੀ ਸਨ।

ਭਿਆਨਕ ਮੌਤ ਦੇ ਡਰਾਵੇ ਦੇਣ ਲਈ ਤੁਰਕ ਹਾਕਮਾਂ

***(ਬਾਕੀ ਪੰਨਾ 14 'ਤੇ)***

# ਅਰਦਾਸ ਕੀ ਹੈ?

*[ਡਾ. ਜਸਵੰਤ ਸਿੰਘ ਜੀ ਨੇਕੀ]*

ਸਾਨੂੰ ਗੁਰਸਿੱਖਾਂ ਨੂੰ ਗੁਰੂ ਸੱਚੇ ਪਾਤਸ਼ਾਹ ਨੇ ਨਾਮ ਦ੍ਰਿੜਾਇਆ, ਨਾਮ ਦੀ ਪੂਜਾ ਸਿਖਾਈ, ਗੁਰਦੀਖਿਆ ਦੀ ਗੁੜ੍ਹਤੀ ਦਿੱਤੀ। ਕਮਾਈ ਵਾਲੇ ਪੰਜਾਂ ਪਿਆਰਿਆਂ ਦੇ ਸਰੂਪ ਵਿੱਚ ਦਿੱਤੀ, ਜਿਨ੍ਹਾਂ ਨੇ ਖ਼ੁਦ ਨਾਮ ਅਭਿਆਸ ਰੂਪੀ ਸਚੜੀ ਪੂਜਾ ਨੂੰ ਜਗਿਆਸੂ ਜਨਾਂ ਪ੍ਰਤੀ ਕਰ ਕੇ ਪਰਤੱਖ ਦਿਖਾਇਆ। ਗੁਰਮੰਤਰ ਗੁਰਦੀਖਿਆ ਮਈ ਗੁਰਮਤਿ ਨਾਮ ਦਾ ਅਭਿਆਸ ਕਰਨਾ ਸਿਖਾਇਆ, ਜਿਸ ਵਿਚ ਕੋਈ ਫ਼ਰਜ਼ੀ ਧਿਆਨ ਕਿਸੇ ਫ਼ਰਜ਼ੀ ਮੂਰਤੀ ਦਾ ਨਹੀਂ ਧਰਨਾ ਪੈਂਦਾ। ਅਭਿਆਸ ਕਰਦੇ ਹੋਏ ਗੁਰਮੰਤਰ ਗੁਰਮਤਿ ਨਾਮ ਰੂਪੀ ਸ਼ਬਦ ਨੂੰ ਸੁਰਤਿ ਨਾਲ ਜੋੜਨਾ ਹੈ। ਨਾਮ ਜਪਦੇ ਹੋਏ, ਨਾਮ ਜਾਪ ਦੇ ਆਰੰਭ ਵਿਚ ਸ਼ਬਦ ਨਾਲ ਸੁਰਤਿ ਲਾਉਣੀ ਹੈ। ਨਾਮ ਸ਼ਬਦ ਦੀ ਜੋ ਧੁਨੀ ਅਭਿਆਸ-ਜਪ ਕਰਦਿਆਂ ਆਵ (ਨਿਕਲੇ), ਉਸ ਧੁਨਿ ਨਾਲ ਸੁਰਤਿ ਨੂੰ ਜੋੜਨਾ ਇਹ ਸ਼ਬਦ ਸੁਰਤਿ ਦਾ ਅਰੰਭਕ ਖੇਲੁ ਹੈ। ਅਭਿਆਸੀ ਜਨ ਪਹਿਲਾਂ ਏਥੋਂ ਹੀ ਅਭਿਆਸ ਆਰੰਭ ਕਰਦਾ ਹੈ। ਗੁਰਮੰਤਰ ਨਾਮ ਸ਼ਬਦ ਚੁਅਖਰੇ ਦਾ ਪਹਿਲਾ ਦੁਅਖਰਾ ਸਹਿਤ ਸੁਆਸ ਦੇ ਅੰਦਰ ਨੂੰ ਖਿਚ ਕੇ ਉਪਰ ਨੂੰ ਦਸਮੇ ਦੁਆਰ ਕੀ ਤਰਫ ਲੈ ਜਾਵੇ, ਸਹਜ ਸੁਆਸੀ ਸੁਤੇ ਵਾਂਗ ਸੇਤੀ ਲੈ ਜਾਵ ਅਤੇ ਸਹਜ ਸੁਆਸੀ ਵੇਗ ਸੇਤੀ ਹੀ ਉਪਰੋਂ (ਅੰਦਰੋਂ) ਹੇਠਾਂ ਬਾਹਰ ਵਲ ਉਤਰਾਵੇ। ਅਤੇ ਉਤਰਾਵਨ ਸਮੇਂ ਪਿਛਲੇ (ਦੂਜੇ) ਅਰਧ ਗੁਰਮੰਤਰੀ ਸ਼ਬਦ ਦੇ ਹਿਸੇ ਨੂੰ ਰਸਨਾ ਨਾਲਿ ਸਪਰਸ਼ ਕੇ ਨਿਕਸਾਵੇ। ਏਸੇ ਪ੍ਰਕਾਰ ਸੁਤੇ ਸੁਆਸਾਂ ਦੇ ਸਹਜ ਵੇਗ ਸਹਿਤ ਸ਼ਬਦ ਅਭਿਆਸ ਦਾ ਸਿਲਸਿਲਾ ਸਦਾ ਜਾਰੀ ਰਖੇ। ਉਪਰ ਨੂੰ ਅਰਥਾਤ ਅੰਦਰ ਨੂੰ ਸੁਆਸ ਲੈ ਜਾਣ ਸਮੇਂ ਸ਼ਬਦ ਦਾ ਸਪਰਸ਼ ਹਲਕ ਤਾਲੂ ਸਹਿਤ ਹੋਵੇਗਾ ਅਤੇ ਹੇਠਾਂ ਬਾਹਰਵਾਰ ਨੂੰ ਸੁਆਸ ਉਤਾਰਦੇ ਹੋਏ ਸ਼ਬਦ ਰਸਨਾ ਸੇਤੀ ਸਪਰਸ਼ੇਗਾ। ਇਸ ਸਪਰਸ਼ ਦੀ ਧੁਨੀ ਚਾਹੇ ਬੈਖਰੀ ਹੋਵੇ, ਚਾਹੇ ਮੱਧਮਾ ਪਰਾ-ਪਸੰਤੀ ਹੋਵੇ, ਉਸ ਧੁਨੀ ਸੇਤੀ ਸੁਰਤਿ ਜੋੜਨਾ ਹੈ। 'ਸਬਦੁ ਗੁਰੂ ਸੁਰਤਿ ਧੁਨਿ ਚੇਲਾ' ਦੇ ਗੁਰਵਾਕ ਅਨੁਸਾਰ ਇਹ ਗੁਰਮਤਿ ਨਾਮ ਅਭਿਆਸ ਦੀ ਖੇਡ ਹੈ।

ਸ਼ਬਦ ਗੁਰੂ ਰੂਪ ਇਸ ਕਰਕੇ ਹੈ ਕਿ ਨਿਰੰਕਾਰ ਦੀ ਦਰਗਾਹ ਤੋਂ ਆਇਆ ਹੋਣ ਕਰਕੇ ਸ਼ਬਦ ਦੀ ਸਪਰਸ਼ ਪਾਰਸ ਰੂਪੀ ਹੈ, ਅੰਮ੍ਰਿਤ ਰਸਾਇਣੀ ਹੈ। ਇਸ ਦੇ ਹਲਕ ਤਾਲੂ ਨਾਲ ਸੁਰਤਿ ਸਹਿਤ ਸਪਰਸ਼ਿਆਂ ਕਾਟ ਕਰ ਕੇ ਹੌਲੀ-ਹੌਲੀ ਬਿਸਮਾਦ ਰੂਪ ਵਿਚ ਲੀਨਤਾ ਦਾ ਆਨੰਦ, ਬਿਸਮ ਅਨੰਦ ਆਉਣ ਲੱਗ ਪੈਂਦਾ ਹੈ। ਰਸਨਾ ਨਾਲ ਸਪਰਸ਼ ਹੋਣ ਕਰਕੇ ਅੰਤਰਗਤਿ ਜੋਤਿ ਪ੍ਰਕਾਸ਼ ਦਾ ਰਸ ਰੁਮਕਣ ਲਗ ਪੈਂਦਾ ਹੈ। ਜਦੋਂ ਰਸ-ਬਿਸਮਤਾ ਦੀ ਨੰਬੜ ਆਨਿ ਉਪਜਦੀ ਹੈ ਤਦੋਂ ਅਭਿਆਸੀ ਜਨ ਦੀ ਸੁਰਤੀ ਬਿਰਤੀ ਇਸ ਰਸ-ਬਿਸਮਾਦ ਕਲਾ ਵਿਚ ਲੀਨ ਹੋ ਕੇ ਸਹਜ-ਲੀਨਤਾ ਦੇ ਦਰਜੇ ਨੂੰ ਅਪੜ ਜਾਂਦੀ ਹੈ, ਫੇਰ ਸੁਰਤੀ ਜੋੜਨ ਦਾ ਕੋਈ ਖ਼ਾਸ ਯਤਨ ਨਹੀਂ ਕਰਨਾ ਪੈਂਦਾ। ਰਸ-ਜੰਤ-ਪ੍ਰਕਾਸ਼ ਦੀ ਕਿਰਣ-ਕਣੀ ਹੀ ਸੁਰਤਿ-ਮਹਿਵੀਅਤ ਲਈ ਸਹਾਈ ਹੋਈ ਰਹਿੰਦੀ ਹੈ, ਸ਼ਬਦ-ਅਭਿਆਸ ਤੋਂ ਇਕ ਖਿਨ ਭੀ ਬਾਹਰ ਨਹੀਂ ਹੋਣ ਦਿੰਦੀ।

ਗੁਰ ਪ੍ਰਸਾਦ ਕਰ ਹੀ ਇਹ ਬਿਧਿ ਬਣਿ ਆਉਂਦੀ ਹੈ। ਅਤੇ ਜਿਉਂ ਜਿਉਂ ਇਹ ਬਿਧਿ ਬਣਦੀ ਹੈ ਤਿਉਂ ਤਿਉਂ ਗੁਰੂ ਕਰਤਾਰ ਦੇ ਸ਼ੁਕਰਾਨੇ ਵਿਚਿ ਨਿਮਰੀਭੂਤ ਹੋ ਕੇ ਅਭਿਆਸ ਆਨੰਦਨੀ ਖੇਡ ਐਸੀ ਹੁੰਦੀ ਹੈ ਕਿ ਸ਼ਬਦ ਅਭਿਆਸ ਗੁਰੂ ਕਰਤਾਰ ਸਨਮੁਖੀ ਅਰਦਾਸ ਰੂਪ ਹੋ ਜਾਂਦਾ ਹੈ। ਏਥੇ ਇਹ ਚੇਤੇ ਰਹੇ ਕਿ ਇਸ ਅਭਿਆਸ ਰਸ-ਅਨੰਦਨੀ ਖੇਡ ਵਿਚਿ ਰਸ-ਪ੍ਰਾਇਣ ਹੋ ਕੇ, ਰਸ-ਰਸਾਇਣ ਹੋ ਕੇ ਅਭਿਆਸੀ ਜਨ ਦਾ ਰੋਮ ਰੋਮ ਰੁਮਕ ਉੱਠਦਾ ਹੈ। ਅੰਗ ਅੰਗ ਫੁਰਕਣ ਲਗ ਪੈਂਦਾ ਹੈ। ਹੱਠ ਭੀ ਆ-ਮੁਹਾਰੇ ਫਰਕਣ ਲੱਗ ਪੈਂਦਾ ਹੈ।

***(ਬਾਕੀ ਪੰਨਾ 36 'ਤੇ)***

# ਵੈਸਾਖੁ ਭਲਾ

*(ਭਾਈ ਸੇਵਾ ਸਿੰਘ ਜੀ)*

ਵੈਸਾਖੀ ਦਾ ਦਿਹਾੜਾ, ਵਰ੍ਹੇ ਭਰ ਵਿਚੋਂ ਖੁਸ਼ੀ, ਖੇੜੇ, ਹੁਲਾਸ, ਵਿਗਾਸ, ਨਵੀਨਤਾ ਤੇ ਉਤਸ਼ਾਹ ਦਾ ਆਗਮਨ ਦਿਹਾੜਾ ਹੈ। ਬਹਾਰ ਦੀ ਰੁੱਤ ਦਾ ਇਹ ਦਿਨ ਅਨੇਕ ਪੱਖਾਂ ਤੋਂ ਸੰਸਾਰ ਲਈ ਜੀਵਨ-ਦਾਤਾ ਹੈ। ਇਹ ਉਹ ਸਮਾਂ ਹੈ ਜਦ ਕੁਦਰਤ ਦੀ ਕੁੱਖ ਵਿਚੋਂ ਨਵੀਨਤਾ, ਕੁਆਰਾਪਨ ਤੇ ਕਿਸ਼ੋਰਤਾ ਮੌਲਦੀ ਹੈ। ਕਾਇਨਾਤ ਵਿਗਸਦੀ ਹੈ, ਮਨੁੱਖਤਾ ਤਰੰਗਤ ਹੁੰਦੀ ਹੈ। ਮਨੁੱਖੀ ਮਨਾਂ ਵਿਚ ਨਵੇਂ ਚਾਅ, ਮਲ੍ਹਾਰ, ਰੀਝਾਂ ਤੇ ਉਸਾਰੂ ਰੁਚੀਆਂ ਅੰਗੜਾਈਆਂ ਲੈਂਦੀਆਂ ਹਨ। ਗੱਲ ਕੀ, ਹਰ ਪਾਸੇ 'ਰਾਜਾ ਰਾਮ ਮਉਲਿਆ ਅਨੰਤ ਭਾਇ' ਦਾ ਬੋਲ ਬਾਲਾ ਹੋ ਰਹਿਆ ਹੁੰਦਾ ਹੈ।

ਬਨਸਪਤੀ, ਜੋ ਸੰਸਾਰ ਦਾ ਸ਼ਿੰਗਾਰ ਹੈ, ਅਜਬ ਸੁਹਾਉ ਤੇ ਸੌਂਦਰਯ ਸਹਿਤ, ਪੱਤੀਆਂ, ਗੁੰਚਿਆਂ, ਫੁੱਲਾਂ, ਸਾਹਛਿਆਂ, ਕਰੂੰਮਲਾ ਤੇ ਨਵੀਆਂ ਸ਼ਾਖਾਂ ਨਾਲ ਸੁਸਜਤਿ ਤੇ ਮੀਨਾਕਾਰ ਹੋ ਕੇ ਸੁੰਦਰਤਾ ਲੁਟਾਉਣ ਲਈ ਉਤਸ਼ਾਹਤ ਹੁੰਦੀ ਹੈ। ਕਾਦਰ ਦੀ ਕੁਦਰਤ ਦੇ ਸੱਚੇ ਆਸ਼ਕ, ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਦੇ ਬਾਰਾਮਾਹ ਵਿਚ ਵੈਸਾਖ ਦਾ ਵਰਨਣ ਬੜੇ ਅਲੰਕ੍ਰਿਤ ਢੰਗ ਨਾਲ ਕੀਤਾ ਹੈ।

***ਵੈਸਾਖੁ ਭਲਾ ਸਾਖਾ ਵੇਸ ਕਰੇ।***

ਵਾਹ! 'ਵੈਸਾਖ' ਤੇ 'ਸਾਖਾ' ਦੇ ਵਿਕਾਸ ਬਾਰੇ ਕਿਤਨਾ ਸੁੰਦਰ ਤੇ ਕਲਾਮਈ ਉਲੇਖ ਹੈ। ਰੁੱਖਾਂ, ਬਿਰਖਾਂ ਵਿਚੋਂ ਫੁਟਦੀਆਂ ਸ਼ਾਖਾ, ਮਨੁੱਖੀ ਮਨ ਦੇ ਵਿਕਾਸ ਲਈ ਅਜਬ ਸਹਾਇਕ ਹੁੰਦੀਆਂ ਹਨ ਤੇ ਇਹ ਪੁੰਗਾਰਾ ਤੇ ਫੁਟਾਲਾ ਜੀਵ ਰੂਪ ਇਸਤਰੀ ਦੇ ਵਿਚ ਆਪਣੇ ਪ੍ਰੀਤਮ ਪਤੀ ਦੇ ਮੇਲ ਦੀ ਤਾਂਘ ਵਧੇਰੇ ਉਤੇਜਿਤ ਕਰਦਾ ਹੈ। ਪ੍ਰਭੂ-ਪਿਆਰ ਦੀ ਇਹ ਖਿੱਚ ਅਜਿਹੀ ਵਿਕਸਤ ਹੁੰਦੀ ਹੈ ਕਿ -

***ਨਾਨਕ ਵੈਸਾਖੀ ਪ੍ਰਭ ਪਾਵੈ ਸੁਰਤਿ ਸਬਦਿ ਮਨੁ ਮਾਨਾ।***

ਅਨੁਸਾਰ ਜਗਿਆਸੂ ਦੀ ਸੁਰਤ, ਵਾਹਿਗੁਰੂ ਸ਼ਬਦ ਦੇ ਸਿਮਰਨ ਵਿਚ ਲਿਵਲੀਨ ਹੋ ਕੇ ਸੱਚੇ ਪ੍ਰਭੂ ਨਾਲ ਅਭੇਦ ਹੋ ਜਾਂਦੀ ਹੈ। ਆਦਿ ਗੁਰੂ ਜੀ ਦਾ ਕੁਦਰਤ ਦੇ ਬਦਲਵੇਂ ਰੂਪ ਵਿਚੋਂ ਵੈਸਾਖੀ ਦੇ ਦਿਨ ਨਾਲ ਸੰਬੰਧਤ ਇਹ ਸੁਨੇਹੜਾ ਅੱਜ ਵੀ ਸੰਸਾਰ ਦੇ ਜੀਵਾਂ ਲਈ ਪ੍ਰਭੂ-ਮੇਲ ਦਾ ਇਕ ਅਚੂਕ ਸਾਧਨ ਨਿਸਚਿਤ ਹੋ ਰਹਿਆ ਹੈ।

'ਵੈਸਾਖ ਭਲਾ' ਦੀ ਇਕ ਹੋਰ ਵੈਸਾਖੀ ਦੀ ੧੩ ਅਪ੍ਰੈਲ ੧੬੯੯ ਈਸਵੀ ਨੂੰ ਸੰਸਾਰੀਆਂ ਦੇ ਵੇਖਣ ਵਿਚ ਆਈ, ਜਦ ਕਿ ਜਗਤ-ਤਾਰਕ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਉੱਚੇ ਤੇ ਸੁੱਚੇ ਆਦਰਸ਼ ਨੂੰ ਪੂਰਨਤਾ ਦਾ ਰੂਪ ਦਿੱਤਾ। ਪਹਿਲੇ ਨੌਂ ਸਤਿਗੁਰੂ ਸਾਹਿਬ ਦੇ ਅਕਾਲੀ ਉਪਦੇਸ਼ਾਂ ਦਾ ਸਦਕਾ, ਸਿੱਖੀ ਦਾ ਬੀਜ ਪਰਫੁਲਤ ਤਾ ਹੋ ਚੁਕਾ ਸੀ ਪਰ ਇਸ ਦੇ ਸਦੀਵੀ ਅਮਰਤਾ 'ਤੇ ਸੰਜੀਵਤਾ ਭਰਨ ਵਾਲੀ ਅੰਤਮ ਛੁਹ ਇਸੇ ਦਿਨ ਲਾਈ ਗਈ। 'ਭਗਤੀ' ਦਾ ਸੰਚਾਰ ਤਾਂ ਹੋ ਰਹਿਆ ਸੀ ਪਰ ਭਗਤੀ ਸੰਪੰਨ ਕਰਨ ਦਾ ਕਾਰਜ ਕਰਨਾ ਅਜੇ ਬਾਕੀ ਸੀ।

ਇਹ ਉਹ ਸਮਾਂ ਸੀ ਜਦ ਇਕ ਪਾਸੇ ਜ਼ੁਲਮ ਦੇ ਝਖੜਾਂ ਨੇ ਸੱਚੇ ਧਰਮ ਦਾ ਅਭਾਵ ਕਰਨ ਲਈ ਪੱਕੀ ਧਾਰਨਾ ਧਰੀ ਹੋਈ ਸੀ ਤੇ ਇਸੇ ਮਨੋਰਥ ਲਈ ੧੧ ਨਵੰਬਰ ੧੬੭੫ ਵਾਲੇ ਦਿਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ, ਉਨ੍ਹਾਂ ਦੇ ਧੜ ਨਾਲੋਂ ਦਿੱਲੀ ਦੇ ਚਾਂਦਨੀ ਚੌਕ ਵਿਚ ਅੱਡ ਕਰ ਦਿੱਤਾ ਗਇਆ। ਭਾਈ ਮਤੀ ਦਾਸ ਜੀ ਨੂੰ ਕੁਝ ਦਿਨ ਪਹਿਲਾਂ ਆਰੇ ਨਾਲ ਦੋ ਫਾੜ ਕੀਤਾ ਗਇਆ ਸੀ ਤੇ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਆਲੂ ਵਾਂਗ ਉਬਾਲਿਆ ਜਾ ਚੁੱਕਾ ਸੀ। ਅਜਿਹੇ ਅਪੂਰਬ ਜ਼ੁਲਮਾਂ ਦਾ ਸਦਕਾ, ਭਾਰਤ ਦੀ ਜਨਤਾ ਇੰਨੀ ਡਰੀ ਤੇ ਤਰਾਹੀ ਹੋਈ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਕਿਸੇ ਵੱਲੋਂ ਹਾਅ ਦਾ ਨਾਅਰਾ ਮਾਰਨਾ ਤਾਂ ਇਕ ਪਾਸੇ ਰਹਿਆ,

ਉਨ੍ਹਾਂ ਨਾਲ ਆਪਣਾ ਕਿਸੇ ਪ੍ਰਕਾਰ ਦਾ ਸੰਬੰਧ ਪ੍ਰਗਟ ਕਰਨਾ ਵੀ ਭਾਰੀ ਖ਼ਤਰੇ ਵਿਚ ਪੈਣਾ ਸੀ। ਬਾਲਕ ਗੁਰੂ ਗੋਬਿੰਦ ਸਿੰਘ ਜੀ ਨੂੰ ਭਾਰਤ ਵਾਸੀਆਂ ਦੀ ਇਸ ਅਤਿ ਦਰਜੇ ਦੀ ਬੁਜ਼ਦਿਲੀ ਤੇ ਕਾਇਰਤਾ ਉਤੇ ਧਿਰਕਾਰ ਆਈ ਅਤੇ ਇਸ ਗੱਲ ਦਾ ਪੱਕਾ ਫ਼ੈਸਲਾ ਕਰ ਲਇਆ ਕਿ ਇਸ ਕਮਜ਼ੋਰੀ ਦੀ ਜੜ੍ਹ ਵੱਢ ਕੇ ਰੱਖ ਦਿੱਤੀ ਜਾਵੇਗੀ। ਆਪ ਨੇ ਇਹ ਤਹੱਈਆ ਕਰ ਲਇਆ ਕਿ ਉਹ ਸਮੁੱਚੀ ਮਨੁੱਖਤਾ ਦੀ ਪੁਣ ਛਾਣ ਕਰ ਕੇ ਤੇ ਉਸ ਨੂੰ ਸੋਧ ਕੇ ਉਸ ਦਾ ਤੱਤ ਰੂਪ ਨਿਖਾਰ ਵਿਚ ਲੈ ਆਉਣਗੇ। ਉਹ ਸੋਚ ਤੇ ਧਰਮ ਦੇ ਰਾਖਿਆਂ ਉੱਤੇ ਅਜਿਹੀ ਪੱਕੀ ਮੋਹਰ ਛਾਪ ਲਾਉਣਗੇ, ਜੋ ਇਕ ਇਕੱਲਾ, ਸਿੱਖ, ਹਜ਼ਾਰਾਂ ਤੋਂ ਲੱਖਾਂ ਦੀ ਭੀੜ ਵਿਚੋਂ ਸਹਿਜੇ ਹੀ ਪਛਾਣਿਆ ਜਾ ਸਕੇਗਾ। ਇਸ ਉਦੇਸ਼ ਦੀ ਪੂਰਤੀ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਤੇਈ ਸਾਲ ਕਠਿਨ ਘਾਲਣਾ ਘਾਲੀ ਤੇ ਮਨੁੱਖਤਾ ਨੂੰ ਧਰਮ ਦੀਆਂ ਸੱਚੀਆਂ ਸੁੱਚੀਆਂ ਲੀਹਾਂ ਉਤੇ ਜਥੇਬੰਦ ਕਰਨ ਦੇ ਉਪਰਾਲੇ ਜਾਰੀ ਰੱਖੇ। ਇਸ ਸਮੇਂ ਵਿਚ, ਉਸ ਸਮੇਂ ਦੀ ਔਰੰਗਜ਼ੇਬ ਸਰਕਾਰ ਤੇ ਹਿੰਦੂ ਰਾਜਿਆਂ ਵਲੋਂ ਗੁਰੂ ਸਾਹਿਬ ਨੂੰ ਘੇਰ ਕੇ ਖ਼ਤਮ ਕਰ ਦੇਣ ਦੇ ਮਨਸੂਬੇ ਬਣਾਏ ਗਏ ਪਰ ਜ਼ੁਲਮ ਤੇ ਅਨਿਆਇ ਦੀਆਂ ਅਜਿਹੀਆਂ ਮਿਲਵੀਆਂ ਤਾਕਤਾਂ ਗੁਰੂ ਸਾਹਿਬ ਦਾ ਵਾਲ ਵਿੰਗਾ ਨਾ ਕਰ ਸਕੀਆਂ। ਅੰਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੮ ਵਿਚ ਸਾਰੇ ਸਿੱਖਾਂ ਨੂੰ ਹੁਕਮਨਾਮੇ ਭੇਜ ਦਿੱਤੇ ਕਿ ਉਹ ਅਗੋਂ ਤੋਂ ਹਜਾਮਤ ਨਾ ਕਰਾਉਣ, ਤੰਬਾਕੂ ਦੀ ਵਰਤੋਂ ਛੱਡ ਦੇਣ, ਮਾਸ 'ਕੁੱਠਾ' ਨਾ ਖਾਣ, ਏਕਾ ਨਾਰੀ ਜਤੀ ਹੋਣ ਦਾ ਪ੍ਰਣ ਧਾਰ ਲੈਣ ਅਤੇ ਵੈਸਾਖੀ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਪੁੱਜ ਜਾਣ। ਸਤਿਗੁਰੂ ਜੀ ਦੇ ਇਸ ਇਤਿਹਾਸਿਕ ਤੇ ਆਦਰਸ਼ਕ ਐਲਾਨ ਨੂੰ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਇਉਂ ਨਿਰੂਪਨ ਕੀਤਾ ਹੈ –

*ਸ੍ਰੀ ਗੁਰੂ ਗੋਬਿੰਦ ਸਿੰਘ ਸੁਨਿ ਕਰ ਅੰਮੇ। ਗਰਜਨ ਬੋਲੇ ਜਲਧਰ ਜੈਸੇ।*
*ਇਸ ਬਿਧ ਕੋ ਅਬ ਪੰਥ ਬਣਾਵੇ। ਸਗਲ ਜਗਤ ਮਹਿ ਬਹੁ ਬਿਧ ਭਾਵੇ।*
*ਲਾਖਹੁੰ ਨਰ ਜਗ ਕੇ ਇਕ ਥਾਇ। ਤਿਨ ਮਹਿ ਮਿਲੈ ਜਥੀ ਇਕ ਜਾਇ।*
*ਸਭ ਮਹਿ ਪ੍ਰਥਮ ਪਛਾਨ ਸੋ ਪਰੈ। ਰਲੈ ਨਾ ਕਿਉਂ ਹੂੰ ਕੈ ਸਿੰਹੁ ਕਰੈ।*
*ਜਯੋਂ ਖਰਮਨ ਮਹਿ ਬਲੀ ਰੰਗ। ਜਥਾ ਮਿਗਨ ਮਹਿ ਕੇਹਰ ਅੰਗ।*
*ਤਿਨ ਨਾਨਾ ਭੇਖਨ ਕੈ ਮਾਹਿ। ਮਮ ਸਿਖ ਕੋ ਸਗਲੇ ਪ੍ਰਖਾਹਿ।*

ਸ੍ਰੀ ਕਲਗੀਧਰ ਜੀ ਵੱਲੋਂ ਉਪਰੋਕਤ ਵੈਸਾਖੀ ਵਾਲੇ ਦਿਹਾੜੇ ਦਿੱਤੇ ਗਏ ਬੁਲਾਵੇ ਦਾ ਫਲ ਰੂਪ ਹਜ਼ਾਰਾਂ ਸਿੱਖ ਅਨੰਦਪੁਰ ਸਾਹਿਬ ਆਣ ਇਕੱਠੇ ਹੋਏ। ਦੀਵਾਨ ਸਜ ਗਇਆ। ਕੇਸਾਧਾਰੀ ਜਟਾਜੂਟ ਸਿੱਖਾਂ ਨੂੰ ਕੇਸਗੜ੍ਹ ਦੇ ਅਸਥਾਨ ਉਤੇ ਪਰਖਣ ਲਈ ਗੁਰੂ ਜੀ ਦੇ ਬੀਰ-ਰਸੀ ਸਰੂਪ ਨੇ ਆਪਣੀ ਕਿਰਪਾਨ ਲਿਸ਼ਕਾਈ। ਉਸਤਾਦ ਗੁਰੂ ਜੀ ਵੱਲੋਂ ਪਾਏ ਗਏ ਪਰਚੇ ਦਾ ਪਹਿਲਾ ਸੁਆਲ ਇਹ ਸੀ –

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*

ਮਨੁੱਖਤਾ ਨੂੰ ਨਵਾਂ ਜਨਮ ਦੇਣ, ਇਸ ਨੂੰ ਪੁੰਗਾਰ ਤੇ ਫੁਟਾਲੇ ਵਿਚ ਲਿਆਉਣ, ਇਸ ਵਿਚੋਂ ਕਾਇਰਤਾ ਤੇ ਨਿਤਾਣਪੁਣੇ ਦੀ ਖੋਟ ਕੱਢ ਕੇ ਖਾਲਸ ਕਰਨ ਲਈ ਅਤੇ ਜਗਤ ਜੀਵਾਂ ਦੀ ਰੱਖਿਆ ਦੀ ਖ਼ਾਤਰ ਪੰਥ ਨੂੰ ਸਰਬ ਗੁਣ ਸੰਪੰਨ ਤੇ ਸਰਬ ਕਲਾ ਸਮਰਥ ਬਣਾਉਣ ਲਈ ਆਪ ਵੱਲੋਂ ਕੀਤੀ ਜਾ ਰਹੀ ਪਰਖ ਵੀ ਅਜੀਬ ਤੇ ਅਪੂਰਬ ਸੀ। ਇਮਤਿਹਾਨ ਭਾਵੇਂ ਬੜਾ ਕਰੜਾ ਸੀ, ਪਰ ਵਾਰੋ ਵਾਰੀ ਪੰਜਾਂ ਸਿੱਖਾਂ ਵੱਲੋਂ ਸਿਰ ਪੇਸ਼ ਕਰਨ ਉਤੇ ਗੁਰੂ ਸਾਹਿਬ ਨੇ ਪੰਥ ਨੂੰ ਖ਼ਾਲਸਾ ਬਣਾ ਦਿੱਤਾ ਤੇ ਇਸ ਵਿਚ ਦਇਆ, ਧਰਮ, ਹਿੰਮਤ, ਮੋਹਕਮਤਾਈ ਤੇ ਸਾਹਿਬੀ ਦੇ ਦੈਵੀ ਗੁਣਾਂ ਦਾ ਸੁਮੇਲ ਕਰ ਕੇ ਇਸ ਨੂੰ ਸਾਰੇ ਸੰਸਾਰ ਦੀ ਆਦਰਸ਼ਕ ਤੇ ਸ਼੍ਰੋਮਣੀ ਜਥੇਬੰਦੀ ਬਣਾ ਦਿੱਤਾ। ਪਰਖ ਵਿਚ ਪੂਰੇ ਉਤਰਨ ਵਾਲੇ ਸਿੱਖਾਂ ਨੂੰ ਪੰਜ ਪਿਆਰੇ ਕਹਿ ਕੇ ਸਨਮਾਨਿਆ ਗਇਆ, ਕੇਸਗੜ੍ਹ ਦੇ ਟਿੱਲੇ ਤੋਂ ਮਿਲੀ ਅੰਮ੍ਰਿਤ ਦੀ ਦਾਤ ਨੇ ਸਿੱਖ ਨੂੰ ਸਿੰਘ ਦਾ ਰੂਪ ਦੇਕੇ 'ਬੇ-ਸਿੰਘ' ਖ਼ਲਕਤ ਨਾਲੋਂ ਵੱਖਰੀ ਸ਼ਕਲ ਕਾਰਨ ਝਟ ਪਟ ਪਛਾਣਿਆ ਜਾਣ ਵਾਲਾ ਬਣਾ ਦਿੱਤਾ ਅਤੇ ਇਨ੍ਹਾਂ ਦਾ ਆਸ਼ਾ, ਇਸ਼ਟ, ਉਪਾਸ਼ਨਾ, ਖਾਣ ਪਾਣ, ਪਹਿਰਾਨ ਵੀ ਆਮ ਲੋਕਾਈ ਨਾਲੋਂ ਨਿਆਰਾ ਕਰ ਦਿੱਤਾ।

ਅਕਾਲ ਪੁਰਖ ਦਾ ਸਪੁੱਤਰ, ਗੁਰੂ ਗੋਬਿੰਦ ਜੀ ਆਪਣੀ ਤੇਤੀ ਸਾਲ ਦੀ ਭਰ ਜੁਆਨੀ ਦੀ ਉਮਰ ਵਿਚ ਆਪਣੇ ਰੂਪ ਤੋਂ ਇਸੇ ਵੈਸਾਖ ਭਲਾ ਵਾਲੇ ਵੈਸਾਖੀ ਦੇ ਦਿਨ ਖ਼ਾਲਸੇ ਦੀ ਸਾਜਨਾ ਕੀਤੀ ਅਤੇ ਇਉਂ ਸਿੱਖ ਪੰਥ ਨੂੰ

ਭਗਤੀ ਤੇ ਸ਼ਕਤੀ ਮੀਰੀ ਤੇ ਪੀਰੀ, ਧਰਮ ਤੇ ਰਾਜਨੀਤੀ, ਸੇਵਾ ਤੇ ਕੁਰਬਾਨੀ, ਹਿੰਮਤ ਤੇ ਪਰ-ਉਪਕਾਰ, ਸਦਾਚਾਰੀ ਤੇ ਦਲ-ਬਿਡਾਰ, ਸੰਤ ਤੇ ਸਿਪਾਹੀ, ਰਾਜਾ ਤੇ ਜੋਗੀ, ਗ੍ਰਹਿਸਥੀ ਪਰ ਉਦਾਸੀ ਤੇ ਸਾਰੇ ਸੰਸਾਰ ਦਾ ਸੇਵਾਦਾਰ ਨੀਯਤ ਕਰ ਦਿੱਤਾ। ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਿਛੋਂ ਜੋ ਹੇਠ ਲਿਖਿਆ ਪ੍ਰਣ ਆਪ ਨੇ ਕੀਤਾ ਸੀ –

*ਭੇੜੋਂ ਕੋ ਮੈਂ ਸ਼ੇਰ ਬਣਾਊਂ।*
*ਰਾਠਨ ਕੋ ਸੰਗ ਰੰਕ ਲੜਾਊਂ।*
*ਰੂਪ ਗ੍ਰੀਬਨ ਕੋ ਕਹਿਵਾਊਂ।*
*ਚਿੜੀਉਂ ਸੇ ਮੈਂ ਬਾਜ ਤੁੜਾਊਂ।*
*ਸਵਾ ਲਾਖ ਸੇ ਏਕ ਲੜਾਊਂ।*
*ਤਬੈ ਗੋਬਿੰਦ ਸਿੰਘ ਨਾਮ ਕਹਾਊਂ।*

ਉਸ ਪ੍ਰਣ ਨੂੰ ਆਪ ਨੇ ਵੈਸਾਖੀ ਵਾਲੇ ਦਿਨ ਪੂਰਾ ਕਰ ਵਿਖਾਇਆ। ਪੰਜਾਂ ਕਕਾਰਾਂ ਦੀ ਰਹਿਤ ਵਿਚ ਪਰਪੱਕ ਰਹਿਣ ਅਤੇ ਚਹੁੰ ਕੁਰਹਿਤਾਂ ਤੋਂ ਬਚਣ ਦੀ ਸਿਖਿਆ ਦੇ ਕੇ, ਸਰਬ ਲੋਹ ਕੇ ਇਕੋ ਬਾਟੇ ਵਿਚ ਸਭ ਨੂੰ ਅੰਮ੍ਰਿਤ ਛਕਾ ਕੇ, ਸੰਗਤ ਪੰਗਤ ਤੇ ਰੋਟੀ ਬੇਟੀ ਦੀ ਸਾਂਝ ਨੂੰ ਆਪ ਜੀ ਨੇ ਕਰ ਦਿੱਤਾ। ਏਸ ਤਰ੍ਹਾਂ ਅਕਾਲ ਪੁਰਖ ਦੇ ਹੁਕਮ ਦੀ ਪਾਲਣਾ ਵਾਲੀ ਨਿਰਮਾਨ ਤੇ ਨਿਸ਼ਕਾਮ ਫ਼ੌਜ ਬਣਾ ਕੇ 'ਸਰਬਤ ਦੇ ਭਲੇ ਲਈ ਰਣਜੀਤ ਨਗਾਰੇ ਉਤੇ ਚੋਟ ਲਾ ਦਿੱਤੀ। ਆਪਣੇ ਰੂਪ ਤੋਂ ਸਾਜੇ ਹੋਏ 'ਖ਼ਾਲਸਾ' ਨੂੰ ਆਪ ਨੇ ਇਹ ਕਹਿ ਕੇ ਉਚਤਾ ਬਖ਼ਸੀ –

*ਖ਼ਾਲਸਾ ਮੇਰੋ ਰੂਪ ਹੈ ਖ਼ਾਸ ਖ਼ਾਲਸੇ ਮੈ ਹਉਂ ਕਰੋਂ ਨਿਵਾਸ।*
*ਖਾਲਸਾ ਮੇਰੋ ਮੁਖ ਹੈ ਅੰਗਾ। ਖ਼ਾਲਸੇ ਕੋ ਹਉ ਸਦ ਸਦ ਸੰਗਾ।*
*ਖ਼ਾਲਸਾ ਮੇਰੋ ਇਸ਼ਟ ਸੁਹਿਰਦ। ਖ਼ਾਲਸਾ ਮੇਰੋ ਕਹੀਅਤ ਬਿਰਦ।*
*ਹਉਂ ਖ਼ਾਲਸੇ ਕਾ ਖ਼ਾਲਸਾ ਮੇਰੋ। ਓਤ ਪੋਤ ਸਾਗਰ ਬੂੰਦੇਰੋ।*
*(ਸਰਬ ਲੋਹ ਗ੍ਰੰਥ)*

ਅੱਜ ਤੋਂ ੩੨੪ ਵਰ੍ਹੇ ਪਹਿਲਾਂ, ਵੈਸਾਖੀ ਵਾਲੇ ਦਿਨ ਸਜਿਆ ਹੋਇਆ ਖ਼ਾਲਸਾ, ਸੱਚ, ਧਰਮ ਤੇ ਦੀਨ ਮਜ਼ਲੂਮ ਦੀ ਰੱਖਿਆ ਕਰਨ ਤੋਂ ਕਦੀ ਪਿਛੇ ਨਹੀਂ ਪਰਤਿਆ। ਇਸ ਉਚੇ ਆਰਦਸ਼ ਦੀ ਪੂਰਤੀ ਕਰਦਿਆਂ ਹੋਇਆ ਪੰਥ ਉਤੇ ਕਈ ਵਾਰੀ ਡਾਢੀਆਂ ਭੀੜਾਂ ਬਣੀਆਂ। ਸਿੰਘਾਂ ਦਾ ਬੀਜ ਨਾਸ ਕਰਨ ਦੇ ਕਈ ਵਾਰ ਉਪਰਾਲੇ ਕੀਤੇ ਗਏ। ਇਨ੍ਹਾਂ ਦੇ ਸਿਰਾਂ ਦੇ ਮੁੱਲ ਪਾਏ ਗਏ, ਜੰਗਲਾਂ ਤੇ ਬੇਲਿਆਂ ਵਿਚ ਇਨ੍ਹਾਂ ਦੇ ਸ਼ਿਕਾਰ ਖੇਡੇ ਗਏ। 'ਸਿੰਘਊਂ ਤੋਂ ਡੇਗਣ ਲਈ ਇਨ੍ਹਾਂ ਨੂੰ ਕਈ ਤਰ੍ਹਾਂ ਦੇ ਲਾਲਚ ਤੇ ਭੈ ਦਿੱਤੇ ਗਏ ਪਰ ਕਲਗੀਧਰ ਦਾ ਸਾਜਿਆ ਖ਼ਾਲਸਾ ਅੱਜ ਤਕ ਆਪਣੇ ਨਿਸ਼ਾਨੇ ਤੋਂ ਕਦੀ ਪਿੱਛੇ ਨਹੀਂ ਥਿੜਕਿਆ। ਸੰਨ ੧੭੪੬ ਤੇ ੧੭੬੨ ਦੇ ਘੱਲੂਘਾਰਿਆਂ ਸਮੇਂ ਇੱਕ-ਇੱਕ ਦਿਨ ਵਿਚ ਵੀਹ ਵੀਹ ਹਜ਼ਾਰ ਦੀ ਗਿਣਤੀ ਵਿਚ ਸਿੰਘਾਂ ਨੂੰ ਕਤਲ ਕੀਤਾ ਗਇਆ, ਪਰ ਖ਼ਾਲਸੇ ਨੇ ਜ਼ਾਲਮ ਦੀ ਈਨ ਮੰਨਣ ਨਾਲੋਂ ਮੌਤ ਨੂੰ ਤਰਜੀਹ ਦਿੱਤੀ।

ਬਾਜਾਂ ਵਾਲੇ ਪਿਤਾ ਵੱਲੋਂ ਬਖ਼ਸ਼ੀ ਹੋਈ ਕੇਸਾਧਾਰੀ ਸਾਬਤ ਸੂਰਤ ਹੀ ਸਿੰਘਪੁਣੇ ਦੀ ਪੱਕੀ ਨਿਸ਼ਾਨੀ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੰਘਾ ਨੇ ਆਪਣੀਆਂ ਖੋਪਰੀਆਂ ਲੁਹਾਉਣੀਆਂ ਤਾਂ ਸਵੀਕਾਰ ਕੀਤੀਆਂ ਪਰ ਅੰਮ੍ਰਿਤੀਏ ਕੇਸਾਂ ਤੋਂ ਅੱਡ ਹੋਣਾ ਗਵਾਰਾ ਨਾ ਕੀਤਾ।

ਅੱਜ ਦੀ ਵੈਸਾਖੀ, ਸ੍ਰੀ ਕੇਸਗੜ੍ਹ ਦੇ ਟਿੱਲੇ ਤੋਂ ਵੀਹਵੀਂ ਸਦੀ ਦੇ ਪਦਾਰਥ ਵੇੜ੍ਹੇ ਤੇ ਧੜਿਆਂ ਦੇ ਦੁਛੇੜੇ ਹੋਏ ਹਰੇਕ ਸਿੰਘ ਨੂੰ ਵਗਾਰ ਕੇ ਤੇ ਲਲਕਾਰ ਲਲਕਾਰ ਕੇ ਸੁਨੇਹਾ ਦੇ ਰਹੀ ਹੈ ਕਿ ਐ ਸਿੰਘ ਅਖਵਾਉਣ ਵਾਲਿਓ! ਜ਼ਰਾ ਆਪਣਾ ਚਿਹਰਾ ਤੇ ਰੂਪ, ਸ਼ੀਸ਼ੇ ਸਾਹਮਣੇ ਹੋ ਕੇ ਤਾਂ ਤੱਕੋ। ਕੀ ਇਹ ਕਲਗੀਧਰ ਪਿਤਾ ਨਾਲ ਮੇਲ ਖਾਂਦਾ ਹੈ ਜਿਸ ਨੇ ਤੁਹਾਨੂੰ ਆਪਣੇ ਰੂਪ ਤੋਂ ਪੈਦਾ ਕੀਤਾ ਸੀ?

ਸਿੰਘੋ! ਤੇ ਇਸ ਤੋਂ ਵਧੀਕ ਤੱਕ ਆਪਣੇ ਗਿਰੇਬਾਨ ਵਿਚ ਮੂੰਹ ਪਾ ਕੇ ਆਪਣੇ ਨਿਤ-ਕਰਮਾਂ ਵੱਲ। ਕੀ ਅਸੀਂ ਬਾਜਾਂ ਵਾਲ਼ੇ ਪਿਤਾ ਦੇ ਸਿੰਘ ਅਖਵਾਉਣ ਦੇ ਹੱਕਦਾਰ ਹਾਂ? ਕੀ ਅਸਾਂ ਧਰਮ ਨਾਲੋਂ ਧੜੇ ਨੂੰ ਤਰਜੀਹ ਨਹੀਂ ਦਿੱਤੀ ਹੋਈ? ਕੀ ਅਸੀਂ ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ' ਦਾ ਨਾਅਰਾ ਲਾਉਣ ਵਾਲੇ ਗੁਰੂ ਦੇ ਸਨਮੁਖ ਮੂੰਹ ਕਰ ਸਕਦੇ ਹਾਂ? ਕੀ ਸਿੱਖ ਦੇ ਮਿਲਣ ਤੋਂ ਕੋਈ ਖ਼ੁਸ਼ੀ ਦੀ ਝਰਨਾਟ ਪੈਦਾ ਹੁੰਦੀ ਹੈ। ਅਜਿਹੇ ਸੁਆਲਾਂ ਦੇ ਉੱਤਰ ਅੱਜ ਦੇ ਦਿਨ ਅਸੀਂ ਆਪਣੇ ਮਨ ਪਾਸੋਂ ਲੈ ਕੇ ਗੁਰੂ ਕਲਗੀਧਰ ਦੇ ਸਨਮੁਖ ਪੇਸ਼ ਕਰਨਾ ਹੈ। ਸਿੰਘੋ! ਤੱਕੋ, ਅੱਜ ਜ਼ਰਾ ਕੇਸਗੜ੍ਹ ਵੱਲ, ਤੱਕੋ ਜ਼ਰਾ ਆਪਣੀ ਵੱਲ ਅਤੇ ਇਉਂ ਮੁੜ ਮੁੜ ਤੱਕਦੇ ਰਹੋ ਦੁਪਾਸੀਂ, ਜਦ ਤਕ ਕਿ ਸਾਡੇ ਹਿਰਦਿਆਂ ਵਿਚ ਮੁੜ ਆ ਵੜੀ ਖੋਟ ਸਾਰੀ ਦੀ ਸਾਰੀ ਨਿਕਲ ਨਹੀਂ ਜਾਂਦੀ ਤੇ ਜਦ ਤਕ ਅਸੀਂ ਆਪਣੇ ਰੂਪ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕਾਇਮ ਕੀਤੇ ਸੋਚ ਉਤੇ ਢਾਲ ਕੇ ਪੂਰਨ ਖ਼ਾਲਸਾ ਨਹੀਂ ਬਣ ਜਾਂਦੇ।

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਜ਼ਾਦੀ ਦੇ ਘੁਲਾਟੀ (ਪਰਵਾਨੇ)

*[ਭਾਈ ਦਵਿੰਦਰ ਸਿੰਘ ਜੀ, ਡੀ. ਐਸ. ਪੀ.]*

ਨਾਰੰਗਵਾਲ ਵਿਚ ਭਾਈ ਸਾਹਿਬ ਜੀ ਦੀ 2004 ਵਿਚ ਬਰਸੀ ਮਨਾਈ ਗਈ ਸੀ, ਜਿਸ ਵਿਚ ਪੰਜਾਬ ਦੇ ਮੁਖ ਮੰਤਰੀ ਬਾਦਲ ਪਹੁੰਚੇ ਅਤੇ ਉਹ ਭਾਈ ਸਾਹਿਬ ਜੀ ਦੇ ਜੀਵਨ ਬਾਰੇ ਇਕ ਘੰਟਾ ਬੋਲੇ, ਉਨ੍ਹਾਂ ਨੇ ਐਲਾਨ ਕੀਤਾ ਕਿ ਤੁਸੀਂ ਮੇਰੇ ਕੋਲੋਂ ਭਾਈ ਸਾਹਿਬ ਜੀ ਦੇ ਨਾਮ ਤੇ ਯੂਨੀਵਰਸੀਟੀ ਵਾਸਤੇ ਆਓ, ਪਰ ਬੜਾ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਸਾਡੇ ਵਿਚ ਏਕਾ ਨਾ ਹੋਣ ਕਾਰਣ ਪਿਛੇ ਰਹਿ ਗਏ। ਆਜ ਜੀ ਦਾ ਜਨਮ ਪਿੰਡ ਨਾਰੰਗਵਾਲ ਵਿਖੇ 7 ਜੁਲਾਈ 1878 ਨੂੰ ਸ. ਨੱਥਾ ਸਿੰਘ ਦੇ ਗ੍ਰਹਿ ਵਿਖੇ ਮਾਤਾ ਪੰਜਾਬ ਕੌਰ ਦੀ ਕੁਖੋਂ ਹੋਇਆ। ਆਪ ਜੀ ਦਾ ਪਹਿਲਾ ਨਾਮ ਬਸੰਤ ਸਿੰਘ ਸੀ। ਆਪ ਜੀ ਦਾ ਭਾਈ ਰਣਧੀਰ ਸਿੰਘ ਬਣਨ ਦਾ ਸਫਰ ਮਨ ਦੀਆਂ ਤਰੰਗਾਂ ਨੂੰ ਛੁਹ ਦੇਣ ਵਾਲਾ ਹੈ। ਪਿਤਾ ਜੀ ਦੇ ਕਹਿਣ ਮੁਤਾਬਿਕ ਜਦੋਂ ਪੇਪਰ ਦੇਣਾ ਹੋਵੇ ਤੇ ਅੱਛੇ ਨੰਬਰ ਲੈ ਕੇ ਪਾਸ ਹੋਣਾ ਹੈ ਤਾਂ ਪਾਠ ਜਰੂਰ ਕਰਨਾ। ਉਨ੍ਹਾਂ ਨੂੰ ਇਹ ਗਲ ਘਰ ਕਰ ਗਈ। ਹਰ ਰੋਜ ਪਾਠ ਕਰਨਾ ਨੇਮ ਹੋ ਗਿਆ। ਆਨੰਦ ਬਝ ਗਿਆ।

25 ਸਾਲ ਦੀ ਉਮਰ ਵਿਚ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ, ਬਾਣੀ ਹੀ ਜੀਵਨ ਦਾ ਆਧਾਰ ਬਣ ਗਈ। ਸਤਯਵਾਦੀ ਭਾਈ ਸਾਹਿਬ ਜੀ ਹਮੇਸ਼ਾ ਆਪਣੇ ਜੀਵਨ ਕਾਲ ਵਿਚ ਸੱਚ ਨਾਲ ਜੁੜੇ ਰਹੇ। ਨੌਕਰੀ ਵੇਲੇ ਸਰਕਾਰੀ ਦਫਤਰਾਂ ਵਿੱਚ ਬੇਈਮਾਨੀ ਰਿਸ਼ਵਤਖੋਰੀ ਨਾਲ ਧਨ ਹਾਸਲ ਕਰਨ ਦਾ ਅਤੇ ਜੇਲ੍ਹ ਵਿਚ ਕੈਦ ਸਮੇਂ ਵਾਹਦਾ ਮੁਆਫ ਗਵਾਹ ਬਣਨ ਦੇ ਲਾਲਚ ਦਾ ਸੀ ਲੇਕਿਨ ਆਪ ਹਮੇਸ਼ਾ ਸੱਚ ਨਾਲ ਜੁੜੇ ਰਹੇ। ਫਾਂਸੀ ਦੀਆਂ ਧਮਕੀਆਂ ਸਾਹਮਣੇ ਸੀ।

ਸੰਨ 1911 ਵਿਚ ਅੰਗ੍ਰੇਜ਼ ਵਾਇਸਰਾਏ ਦਾ ਸਰਕਾਰੀ ਦਫਤਰ ਕਲਕੱਤੇ ਤੋਂ ਬਦਲ ਕੇ ਦਿੱਲੀ ਆ ਗਿਆ। ਉਸ ਸਮੇਂ ਭਾਰਤ ਵਿਚ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜਨ ਲਈ ਦੇਸ਼ ਜਦੋ-ਜਹਿਦ ਕਰ ਰਿਹਾ ਸੀ। ਵਾਇਸਰਾਏ ਲਈ ਨਵੀਂ ਰਿਹਾਇਸ਼ ਗੁ. ਰਕਾਬਗੰਜ ਸਾਹਿਬ ਦੇ ਸਾਹਮਣੇ ਸੀ। ਸੜਕ ਸਿਧੀ ਕਰਨ ਦੇ ਲਈ ਉਸਨੇ ਗੁਰਦੁਆਰਾ ਸਾਹਿਬ ਦੀ ਬਾਹਰਲੀ ਦੀਵਾਰ ਤੋੜ ਦਿੱਤੀ। ਇਸ ਤੋਂ ਸਿੱਖ ਕੌਮ ਵਿਚ ਰੋਸ ਦੀ ਲਹਿਰ ਭਾਂਬੜ ਦੀ ਤਰ੍ਹਾਂ ਮੱਚ ਗਈ। ਸਿੱਖ ਕੌਮ ਨੂੰ ਵੰਗਾਰਿਆ ਗਿਆ। ਸਿੱਖ ਜਥੇਬੰਦਿਆਂ ਗੁਰਦੁਆਰੇ ਨੂੰ ਵੀ ਤੋੜ ਸਕਦੇ ਹਨ। ਕੁਝਕੁ ਕੌਮ ਦੇ ਗਦਾਰ ਸਰਕਾਰ ਦਾ ਵੀ ਸਾਥ ਦੇ ਰਹੇ ਸਨ, ਬੜੇ ਦੁੱਖੀ ਹਿਰਦੇ ਨਾਲ ਲਿਖਣਾ ਪੈ ਰਿਹਾ ਹੁਣ ਵੀ ਇਸ ਸਮੇਂ ਸਿੱਖੀ ਭੇਸ ਵਿਚ ਬਹੁਤ ਗਿਣਤੀ ਵਿਚ ਗਦਾਰ ਹਨ, ਉਨ੍ਹਾਂ ਦਾ ਕੁਝ ਨਹੀਂ ਹੋ ਸਕਦਾ। ਭਾਈ ਸਾਹਿਬ ਜੀ ਸ਼ੁਰੂ ਤੋਂ ਹੀ ਪੰਥ ਦਰਦੀ ਸਨ, ਸੰਸਥਾਵਾਂ ਦੇ ਮੋਢੀ ਸਨ, ਸੇਵਾਵਾਂ ਕਰਦੇ ਰਹਿੰਦੇ ਸਨ। ਆਪ ਜੀ ਨੇ ਆਪਣੇ ਪਿੰਡ ਨਾਰੰਗਵਾਲ ਤੱਤ ਖਾਲਸਾ ਨਾਮੀ ਇਕ ਜੱਥੇਬੰਦੀ ਬਣਾਈ ਹੋਈ ਸੀ। ਆਪ ਨੇ ਸਰਕਾਰ ਨੂੰ ਕੰਧ ਢਾਹੁਣ ਵਿਰੁਧ ਸਖਤ ਸ਼ਬਦਾਂ ਵਿਚ ਚੇਤਾਵਨੀ ਦਿੱਤੀ।

ਸੰਨ 1914 ਦੀ ਵਿਸਾਖੀ ਦੇ ਦਿਨ ਭਾਈ ਸਾਹਿਬ ਜੀ ਨੇ ਪੱਟੀ ਵਿਖੇ ਬਹੁਤ ਵੜੀ ਪੰਥਕ ਕਾਨਫਰੰਸ ਕੀਤੀ। ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਉਹ ਆਪ ਗੁ. ਦੀ ਕੰਧ ਉਸਾਰੇ ਨਹੀਂ ਤਾਂ ਮੈਂ ਪੰਜ ਸੌ ਸਿੰਘਾਂ ਦੇ ਜਥੇ ਸਮੇਤ ਆਪਣੀ ਕੁਰਬਾਨੀ ਦੇ ਦਿਆਂਗਾ। ਇਸੇ ਸਮੇਂ ਦੌਰਾਨ ਹੀ ਇਕ ਬਹੁਤ ਵੱਡੀ ਕਾਨਫਰੰਸ ਲਾਹੌਰ ਵਿਖੇ ਕੀਤੀ ਗਈ। ਅਕਾਲੀ ਲਹਿਰ ਦਾ ਜਨਮ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਦੀਵਾਰ ਦੇ ਗਿਰਾਏ ਜਾਣ ਦੇ ਸੁਆਲ ਤੇ ਹੋਇਆ ਸੀ। ਇਹ ਉਹ ਸਮਾਂ ਸੀ ਜਦੋਂ

ਸਿੱਖਾਂ ਦੇ ਇਤਿਹਾਸਕ ਗੁਰਦੁਆਰੇ ਤੇ ਕਬਜਾ ਆਚਰਹੀਣ ਮਹੰਤਾਂ ਦਾ ਸੀ। ਗੁ. ਵਿਚ ਗੁਰਮਤਿ ਦੇ ਉਲਟ ਮਨਮਾਨੀਆਂ ਸਰਕਾਰਾਂ ਨਾਲ ਮਿਲੀਆਂ ਹੁੰਦੀਆਂ ਹਨ। ਕੰਧ ਡੇਗਣ ਮਗਰੋਂ ਪੰਥ ਵਿਚ ਰੋਸ ਦੀ ਲਹਿਰ ਸੀ ਇਸ ਲਈ ਸਰਕਾਰ ਵਿਰੁੱਧ ਇਕਜੁਟਤਾ ਲਾਮਬੰਧ ਕਰਨ ਦੇ ਉਪਰਾਲੇ ਬੜੇ ਜੋਰਾਂ ਨਾਲ ਹੋਣ ਲਗੇ। ਇਸ ਤੋਂ ਪਹਿਲਾਂ ਵੀ ਭਾਈ ਸਾਹਿਬ ਆਨੰਦਪੁਰ ਸਾਹਿਬ ਅਤੇ ਚਮਕੌਰ ਸਾਹਿਬ ਦੇ ਗੁਰਦੁਆਰਾ ਸਾਹਿਬ ਨੂੰ ਆਜਾਦ ਕਰਵਾ ਚੁੱਕੇ ਸੀ ਕਿਉਂਕਿ ਉਥੇ ਗੁ. ਸਾਹਿਬ ਦੇ ਅੰਦਰ ਮਹੰਤ ਪਰਿਕਰਮਾ ਨਹੀਂ ਸਨ ਕਰਨ ਦਿੰਦੇ। ਸਨ 1914 ਵਿਚ ਪੁਜਾਰੀਆਂ ਨੇ ਫਸਾਦ ਕਰਨ ਲਈ ਭਾੜੇ ਦੇ ਟੱਟੂ, ਸੈਂਕੜੇ ਸਮਾਜ ਵਿਰੋਧੀ ਅਨਸਰ ਇਕੱਠੇ ਕੀਤੇ ਹੋਏ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪਣੇ ਜੱਥੇ ਸਮੇਤ ਚਾਲੇ ਪਾ ਦਿੱਤੇ, ਅਗੋਂ ਮਹੰਤਾਂ ਨੇ ਗੁੰਡਿਆਂ ਨਾਲ ਮਿਲਕੇ ਹਮਲਾ ਕਰ ਦਿੱਤਾ। ਕਈ ਸਿੰਘ ਵੀ ਜਖਮੀ ਹੋਏ, ਸਿੰਘ ਸਿੰਘਣੀਆਂ ਨੇ ਗੁਰੂ ਜੀ ਦੀ ਬਖਸ਼ੀ ਤਾਕਤ ਨਾਲ ਜੈਕਾਰੇ ਗਜਾਏ ਹਮਲਾ ਕੀਤਾ। ਮਹੰਤ ਡਰ ਕੇ ਸਭ ਅਸਲਾ ਛੱਡ ਕੇ ਦੌੜ ਗਏ। ਗੁ. ਤੇ ਸਿੰਘਾਂ ਦਾ ਪਹਿਲਾ ਕਬਜਾ ਤੇ ਜਿੱਤ ਹੋਈ।

*(ਪੰਨਾ 31 ਦੀ ਬਾਕੀ)*

ਇਹ ਅਮਿਓ ਰਸਾਇਣੀ ਰਸ ਬੇਅੰਤ ਹੀ ਅਜਰ ਵਸਤੂ ਹੈ। ਗੁਰ ਪ੍ਰਸਾਦ ਕਰ ਹੀ ਜਰਿਆ ਜਾ ਸਕਦਾ ਹੈ। ਅਰਦਾਸ ਰੂਪ ਅਭਿਆਸ (ਜੈਸਾ ਉਪਰਿ ਵਰਨਣ ਹੋਇਆ ਹੈ। ਇਸ ਅਜਰ ਪਦ ਨੂੰ ਜਗਾਉਣ ਲਈ ਬੜਾ ਹੀ ਸਹਾਈ ਹੁੰਦਾ ਹੈ। ਜੋ ਜਰ ਨਹੀਂ ਸਕਦੇ, ਉਹ ਭੜਕ ਕੇ ਉਠਦੇ ਹਨ। ਜਰਨ ਵਾਲਿਆਂ ਦੀ ਭੀ ਨਿਝਰ ਝਰਨ ਬਿਰਤੀ ਇਕ ਬਿਸਮ-ਆਨੰਦੀ ਹੁਲਾਰੇ ਦੀ ਅਕਥਨੀਯ ਮੌਜ ਵਿਚਿ ਨਾਲ ਖੇਡਣ ਲੱਗ ਪੈਂਦੀ ਹੈ। ਸਰੀਰ ਭੀ ਵਜਦ ਵਿੱਚ ਆ ਕੇ ਝੂਲਣ ਲੱਗ ਪੈਂਦਾ ਹੈ, ਪਰ ਸਹਜ ਕਲਾ ਵਿਚ। ਇਸ ਵਜਦ-ਹੁਲਾਰੜੀ ਖੇਡ ਵਿਚਿ ਅੰਤ੍ਰੀਵੀ ਅਮਿਓ ਰਸ ਰਸਾਇਣ ਸੇਤੀ ਸ਼ਰਸ਼ਾਰ ਹੋ ਕੇ ਅਤੇ ਬਿਹਬਲ ਹੋ ਕੇ ਅਭਿਆਸੀ ਜਨ ਸ਼ਬਦ ਅਭਿਆਸ ਤੰਗੀ ਫਰਾਟੇ ਵੀ ਮਾਰਨ ਲੱਗ ਪੈਂਦਾ ਹੈ। ਇਨ੍ਹਾਂ ਫਰਾਟਿਆਂ ਸੁਰਾਟਿਆਂ ਗੁਰਾਇਆਂ ਦੇ ਗਰਜਾਉਣ ਵਿਚਿ ਹੋਰ ਭੀ ਅਦਭੁਤ ਆਨੰਦ ਆਉਂਦਾ ਹੈ। ਜਿਨ੍ਹਾਂ ਉਤੇ ਇਹ ਦਸ਼ਾ ਵਾਪਰੀ ਹੋਵੇ, ਸੋਈ ਜਾਨਣ ਇਸ ਰਸ-ਅਨੰਦੀ ਖੇਡ ਨੂੰ ਨਹੀਂ ਤਾਂ ਆਮ ਲੋਕ ਆਪੋ ਆਪਣੀ ਮਤਿ-ਕੁਮਤਿ ਅਨੁਸਾਰ ਰਸੇ-ਫੁਟੀਆਂ, ਰਸ-ਰਸਾਦੀਆਂ, ਰਸ-ਝਰਨਾਟੀਆਂ, ਰਸ ਸੁਰਤਾਟੀਆਂ, ਰਸ-ਗੁਰਾਟੀਆਂ, ਰਸ-ਗਜਰਾਈਆਂ ਦੀ ਇਸ ਅਨੂਪਮ ਅਤੇ ਅਲੌਕਿਕ ਖੇਡ (ਦਸ਼ਾ) ਨੂੰ ਦੇਖ ਕੇ ਮਖੌਲ ਉੜਾਉਣ ਲਗ ਪੈਂਦੇ ਹਨ। ਪਏ ਉੜਾਉਣ!

***ਹਰਿ ਕੇ ਲੋਗ ਰਾਮ ਜਨ ਨੀਕੇ ਭਾਗ ਹੀਣ ਨ ਸੁਖਾਇ॥***
***ਜਿਉ ਜਿਉ ਰਾਮੁ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ॥੩॥੨॥ ਰਾਮਕਲੀ ਮ: ੪, ਅੰਗ - ੮੮੧***

ਭਾਗਹੀਣਾਂ ਦੇ ਵਸਿ ਭੀ ਕੀ ਹੈ। ਕਿਓਂਕਿ ਉਹਨਾਂ ਨੂੰ ਏਸ ਖੇਡ ਦਾ ਪਤਾ ਹੀ ਨਹੀਂ। ਤਾਂ ਹੀ ਤਾਂ ਓਹਨਾਂ ਨੂੰ ਵਜਦ-ਆਨੰਦੀ ਕੇਲ ਕਰੰਤੇ ਹੰਸ ਜਨ ਭਾਂਵਦੇ ਨਹੀਂ। ਸਤਿਗੁਰੂ ਉਹਨਾਂ ਨੂੰ ਸੁਮਤਿ ਬਖ਼ਸ਼ੇ। ਸ਼ਬਦ-ਅਭਿਆਸੀਆਂ ਦੇ ਅਭਿਆਸ ਬਿਲੋਵਨ ਨੂੰ ਹੀ ਕਣੀਆਂ ਧੱਕਣੀਆਂ ਦੱਸਣ ਵਾਲੇ 'ਅਨਿਕ ਪ੍ਰਕਾਰ ਕਰਿ ਨਿੰਦਣ ਵਾਲੇ, ਕਦੇ ਵਕਤ ਆਵੇਗਾ, ਏਸੇ ਨੱਕੇ ਥਾਣੀ ਲੰਘਣਗੇ ਅਤੇ ਪਛੁਤਾਇ ਕੇ ਆਪਣੀਆਂ ਭੁਲਾਂ ਸਤਿਗੁਰੂ ਪਾਸੋਂ ਬਖ਼ਸ਼ਾਉਣੇ ਤੇ, ਰਾਹੇ-ਰਾਸਤ ਪਰ ਆਉਣਗੇ ਅਤੇ ਪਰਮਾਤਮਾ ਦੀ ਉੱਪਰ ਦਸੀ ਅਧਿਆਤਮ ਪੂਜਾ ਦੇ ਮਾਰਗ ਤੇ ਚਲਣ ਵਾਲੇ ਬਣਨਗੇ।

*('ਗੁਰਮਿਤ ਕਰਮ ਫ਼ਿਲਾਸਫ਼ੀ' ਪੁਸਤਕ ਵਿਚੋਂ)*

## ਹੁਸ਼ਿਆਰਪੁਰ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ

ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਲਾਨਾ ਅਖੰਡ ਕੀਰਤਨ ਸਮਾਗਮ ਹੁਸ਼ਿਆਰਪੁਰ ਵਿਖੇ ਮਿਤੀ 20.05.2023 ਤੋਂ ਲੈ ਕੇ 24.05.2023 ਤਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋੜ ਹੁਸ਼ਿਆਰਪੁਰ ਵਿਖੇ ਮਨਾਇਆ ਜਾ ਰਿਹਾ ਹੈ। ਵੇਰਵਾ ਅਗਲੇ ਪਰਚੇ ਵਿਚ ਦੇਖੋ ਜੀ।

**ਦਾਸਰੇ - ਅਖੰਡ ਕੀਰਤਨੀ ਜੱਥਾ, ਹੁਸ਼ਿਆਰਪੁਰ**
**ਮੋਬਾਇਲ : 98151-31079, 99884-41535**

# ਆਤਮ ਰੰਗ ਮਾਸਿਕ ਪੱਤਰ ਦਾ 24 ਸਾਲਾ ਗੌਰਵਮਈ ਸਫ਼ਰ

*[ਭਾਈ ਰਵਿੰਦਰ ਸਿੰਘ ਸੈਂਪਲਾ, ਐਡਵੋਕੇਟ]*

ਅੱਜ ਤੋਂ ਚੌਬੀ ਸਾਲ ਪਹਿਲਾਂ ਖਾਲਸੇ ਦੇ ਘਰ ਅਨੰਦਪੁਰ ਸਾਹਿਬ ਵਿਖੇ ਵਿਸਾਖੀ ਦੇ ਖਾਲਸਾ ਸਾਜਨਾ ਦੇ 300 ਸਾਲਾਂ ਦਿਵਸ ਤੇ ਆਤਮ ਰੰਗ ਨਾਂ ਹੇਠ ਅਖੰਡ ਕੀਰਤਨੀ ਜੱਥੇ ਦੇ ਨਿਰੋਲ ਧਾਰਮਿਕ ਮਾਸਿਕ ਪੱਤਰ ਦਾ ਪਹਿਲਾ ਅੰਕ ਜਾਰੀ ਕੀਤਾ ਗਿਆ। ਪ੍ਰਿੰਸੀਪਲ ਗੁਰਮੁਖ ਸਿੰਘ ਇਸਦੇ ਪਹਿਲੇ ਮੁੱਖ ਸੰਪਾਦਕ ਬਣੇ, ਜਿਨ੍ਹਾਂ ਨੇ ਪੂਰੀ ਮਿਹਨਤ ਤੇ ਲਗਨ ਨਾਲ ਆਤਮ ਰੰਗ ਨੂੰ ਬੁਲੰਦੀਆਂ ਤੇ ਪਹੁੰਚਾਉਣ ਦਾ ਯਤਨ ਕੀਤਾ। ਭਾਈ ਸਾਹਿਬ ਮਗਰੋਂ ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ, ਚੰਡੀਗੜ੍ਹ ਹੋਰਾਂ ਨੇ ਇਸਦੇ ਦੂਜੇ ਮੁੱਖ ਸੰਪਾਦਕ ਦੀ ਜਿੰਮੇਵਾਰੀ ਸੰਭਾਲੀ ਜੋ ਆਤਮ ਰੰਗ ਦੇ ਬਾਨੀ ਵੀ ਸਨ। ਉਨ੍ਹਾਂ ਦੇ ਜੀਅ ਤੋੜ ਯਤਨਾਂ ਅਤੇ ਗੁਰੂ ਪ੍ਰਤੀ ਸ਼ਰਧਾ ਨੇ ਆਤਮ ਰੰਗ ਨੂੰ ਵਿਦੇਸ਼ ਤੱਕ ਪਹੁੰਚ ਦਿਲਵਾਈ ਅਤੇ ਅਖੰਡ ਕੀਰਤਨੀ ਜੱਥੇ ਦੇ ਨਿਰੋਲ ਧਾਰਮਿਕ ਪਹਿਲੇ ਮਾਸਿਕ ਪੱਤਰ ਨੇ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਹੁਰਾਂ ਦੀ ਸੋਚ ਤੇ ਵਿਚਾਰਾਂ ਨੂੰ ਦੇਸ਼ ਵਿਦੇਸ਼ ਦੀ ਵਸਦੀ ਸੰਗਤ ਦੇ ਹੱਥਾਂ ਤੱਕ ਪਹੁੰਚਾਇਆ। ਪਿਛਲੇ ਚੋਵੀਆਂ ਸਾਲਾਂ ਦੇ ਸਫਰ ਦੌਰਾਨ ਬਹੁਤ ਸਾਰੀ ਖੜੋਤਾਂ, ਮੁਸ਼ਕਿਲਾਂ ਦੇ ਸ਼ਫਰ ਚੋਂ ਲੰਘਦਿਆਂ ਵੀ ਆਤਮ ਰੰਗ ਨੂੰ ਛਾਪਣ ਦੀ ਸੇਵਾ ਨਿਰੰਤਰ ਜਾਰੀ ਰਹੀ।

ਇਹ ਮਾਸਿਕ ਪੱਤਰ ਜਿਥੇ ਅਖੰਡ ਕੀਰਤਨੀ ਜੱਥੇ ਦੇ ਧਾਰਮਿਕ ਸਮਾਗਮਾਂ ਦੇ ਵੇਰਵੇ ਪ੍ਰਕਾਸ਼ਿਤ ਕਰਦਾ ਹੈ ਉਥੇ ਸਮਾਗਮਾਂ ਪ੍ਰਤੀ ਸੰਪੂਰਨ ਜਾਣਕਾਰੀ ਅਤੇ ਭਾਈ ਸਾਹਿਬ ਜੀ ਦੀਆਂ ਲਿਖਤਾਂ ਨੂੰ ਅਜੋਕੀ ਪੀੜ੍ਹੀ ਤੱਕ ਪਹੁੰਚਦਾ ਕਰਦਾ ਹੈ। ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ ਦੇ 12 ਜਨਵਰੀ 2021 ਨੂੰ ਸਵਰਗ ਸਿਧਾਰਨ ਮਗਰੋਂ ਵੀ ਭਾਈ ਸਾਹਿਬ ਦੇ ਸਪੁੱਤਰ ਤੇ ਆਤਮ ਰੰਗ ਦੇ ਮੌਜੂਦਾ ਮੁੱਖ ਸੰਪਾਦਕ ਭਾਈ ਮਨਪ੍ਰੀਤ ਸਿੰਘ ਜੀ ਚੰਡੀਗੜ੍ਹ ਇਸ ਸੇਵਾ ਨੂੰ ਉਸੇ ਤਰ੍ਹਾਂ ਜਾਰੀ ਰੱਖ ਰਹੇ ਹਨ, ਜਿਵੇਂ ਭਾਈ ਸਾਹਿਬ ਸਤਨਾਮ ਸਿੰਘ ਹੋਰਾਂ ਨੇ ਇਸ ਨੂੰ ਸੰਜੋਇਆ ਸੀ। ਅਗਲੇ ਸਾਲ ਆਤਮ ਰੰਗ ਦੇ ਗੋਰਵਮਈ ਸਫ਼ਰ ਦੇ 25 ਸਾਲਾ ਸ਼ਤਾਬਦੀ ਸਮਾਗਮ ਪੂਰੇ ਜਾਹੋ ਜਲੌਅ ਤੇ ਸ਼ਰਧਾ ਨਾਲ ਦੇਸ਼ ਵਿਦੇਸ਼ ਦੀ ਸੰਗਤ ਤੇ ਅਖੰਡ ਕੀਰਤਨੀ ਜੱਥੇ ਦੇ ਸਹਿਯੋਗ ਨਾਲ ਵੱਡੇ ਪੱਧਰ ਤੇ ਮਨਾਏ ਜਾਣੇ ਹਨ, ਜਿਹਨਾਂ ਸਮਾਗਮ ਦੀ ਆਰੰਭਤਾ ਇਸ ਸਾਲ ਤੋਂ ਹੋ ਚੁੱਕੀ ਹੈ। ਇਸ ਮੌਕੇ ਮਾਸਿਕ ਪੱਤਰ ਆਤਮ ਰੰਗ ਵਿਚ ਹਰ ਸਮੇਂ ਅਪਣੇ ਲੇਖਾਂ ਨਾਲ ਸੇਵਾ ਨਿਭਾਉਂਦੇ ਲੇਖਕਾਂ ਅਤੇ ਧਨ, ਮਨ ਅਤੇ ਤਨ ਨਾਲ ਸੇਵਾ ਕਰਦੀਆਂ ਸੰਗਤਾਂ ਨੂੰ ਵਿਸ਼ੇਸ਼ ਸਨਮਾਨ ਦਿੱਤੇ ਜਾਣਗੇ। ਅਦਾਰਾ 'ਆਤਮ ਰੰਗ' ਇਹਨਾਂ 24 ਸਾਲਾਂ ਦੇ ਮਾਣਮੱਤੇ ਇਤਿਹਾਸਕ ਸਫ਼ਰ ਲਈ ਲੇਖਕਾਂ, ਪਾਠਕਾਂ ਅਤੇ ਸੰਗਤ ਦਾ ਰਿਣੀ ਰਹੇਗਾ।

# ਸਹਾਇਤਾ ਆਤਮ ਰੰਗ ਮਾਰਚ 2023 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਗੁਪਤ ਸੇਵਾ, ਇਕ ਗੁਰਮੁਖ ਪਰਿਵਾਰ ਵੱਲੋਂ, ਪਟਿਆਲਾ | 1,00,000.00 |
| ◆ ਬੀਬੀ ਸਤਮਿੰਦਰ ਕੌਰ ਜੀ, ਅਨੰਦਰਪੁਰ ਸਾਹਿਬ ਸਮਾਗਮ ਤੇ | 500.00 |
| ◆ ਭਾਈ ਜੋਰਾਵਰ ਸਿੰਘ ਜੀ, ਅਨੰਦਰਪੁਰ ਸਾਹਿਬ ਸਮਾਗਮ ਤੇ | 500.00 |
| ◆ ਬੀਬੀ ਰਾਜਿੰਦਰ ਕੌਰ ਜੀ, ਆਸਟ੍ਰੇਲਿਆ, ਅਨੰਦਰਪੁਰ ਸਾਹਿਬ ਸਮਾਗਮ ਤੇ | 10,000.00 |
| ◆ ਅਖੰਡ ਕੀਰਤਨੀ ਜੱਥਾ, ਅਨੰਦਪੁਰ ਸਾਹਿਬ, ਅਨੰਦਰਪੁਰ ਸਾਹਿਬ ਸਮਾਗਮ ਤੇ | 5,000.00 |
| ◆ ਭਾਈ ਇਕਬਾਲ ਸਿੰਘ ਜੀ, ਮੇਰਠ | 500.00 |
| ◆ ਗੁਲਜਾਰ ਸਿੰਘ ਚੀਮਾ | 1,500.00 |
| ◆ ਗੁਪਤ ਸੇਵਾ, ਯਮੁਨਾਨਗਰ | 5,000.00 |
| **ਕੁਲ ਜੋੜ** | **1,33,000.00** |

## Statement of Income & Expenditure for the Month of Mar. 2023 of *Atam Rang*

| | |
|---|---|
| 1. M/s Jai Offset Printers | 32,000.00 |
| 2. Cost of Service Stamps | 13,000.00 |
| 3. Cost of envelops & printing | 14,000.00 |
| 4. Cost of Stickers | 4,000.00 |
| 5. Previous balance | 1,36,382.00 |
| **Total Expenditure** | **1,99,382.00** |
| **upto 31.03.2023** | |
| Donation | 1,33,000.00 |
| Membership | 200.00 |
| Sale of Books at Anandpur Sahib | 3,200 |
| **Total Income** | **1,36,400.00** |
| **Expenditure** | **1,99,382.00** |
| **Income** | **1,36,400.00** |
| **Difference** | **(-) 62,982.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 14 ਅਪ੍ਰੈਲ |
| ਪੂਰਨਮਾਸ਼ੀ | 6 ਅਪ੍ਰੈਲ |
| ਮੱਸਿਆ | 20 ਅਪ੍ਰੈਲ |
| ਪੰਚਮੀ | 25 ਅਪ੍ਰੈਲ |
| **ਗੁਰਪੁਰਬ** | |
| ਗੁਰਗੱਦੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 4 ਅਪ੍ਰੈਲ |
| ਜੋਤੀ ਜੋਤਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 4 ਅਪ੍ਰੈਲ |
| ਪ੍ਰਕਾਸ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 11 ਅਪ੍ਰੈਲ |
| ਪ੍ਰਕਾਸ਼ ਸ੍ਰੀ ਗੁਰੂ ਅਰਜਨ ਦੇਵ ਜੀ | 12 ਅਪ੍ਰੈਲ |
| ਪ੍ਰਕਾਸ਼ ਸ੍ਰੀ ਗੁਰੂ ਅੰਗਦ ਦੇਵ ਜੀ | 21 ਅਪ੍ਰੈਲ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

**ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ**

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*- ਮੁੱਖ ਸੰਪਾਦਕ*

# ☬ ਅਖੰਡ ਕੀਰਤਨ ਸਮਾਗਮ ☬
# ਕੀਰਤਨ ਰੈਣ ਸਬਾਈ

## ਸ੍ਰੀ ਗੁਰਦੁਆਰਾ ਸਾਹਿਬ ਤੰਬੂ ਸਾਹਿਬ, ਸ੍ਰੀ ਮੁਕਤਸਰ ਸਾਹਿਬ ਵਿਖੇ ਕੀਰਤਨ ਰੈਣ ਸਬਾਈ ਮਿਤੀ 13-05-2023 ਦਿਨ ਸ਼ਨੀਵਾਰ ਨੂੰ ਰਾਤ 8 ਵਜੇ ਤੋਂ 14-05-2023 ਸਵੇਰੇ ਤੱਕ ਅਖੰਡ ਕੀਰਤਨ ਸਮਾਗਮ ਹੋਵੇਗਾ

ਦਸ ਗੁਰੂ ਸਾਹਿਬਨ ਦੇ ਇਸ ਸੰਸਾਰ ਤੇ ਆਗਮਨ ਦਾ ਅੰਤਮ ਉਦੇਸ਼ ਸਮੁੱਚੀ ਲੋਕਾਈ ਅਤੇ ਵਿਸ਼ਵ ਭਾਈਚਾਰੇ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਮੁਕਤ ਕਰਵਾਉਣਾ ਸੀ । ਸਾਹਿਬ-ਏ-ਕਮਾਲ ਸੰਤ-ਸਿਪਾਹੀ, ਸਰਬੰਸਦਾਨੀ, ਦੁਸ਼ਟ-ਦਮਨ, ਅਕਾਲੀ ਫੌਜਾਂ ਦੇ ਮਾਲਕ ਨੀਲੇ ਦੇ ਸ਼ਾਹ ਸਵਾਰ ਚਤਰ ਚਕਰ ਵਰਤੀ ਚੌਜੀ ਖੜਗੇਸ਼ ਪੁਰਖ ਭਗਵੰਤ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਇਸੇ ਉਦੇਸ਼ ਦੀ ਪੂਰਤੀ ਲਈ ਉਸ ਸਮੇਂ ਦੀ ਜਾਲਮ ਹਕੂਮਤ ਮੁਗਲੀਆਂ ਸਲਤਨਤ ਦੀਆਂ ਜੜ੍ਹਾਂ ਪੁੱਟ ਦਿੱਤੀਆਂ ।

ਪੁਰਾਤਨ ਅਤੇ ਵਰਤਮਾਨ ਸ਼ਹੀਦ ਸਿੰਘਾਂ ਸਿੰਘਣੀਆਂ ਅਤੇ 40 ਮੁਕਤਿਆਂ (1) ਭਾਈ ਸ਼ਮੀਰ ਸਿੰਘ (2) ਭਾਈ ਸਰਜਾ ਸਿੰਘ (3) ਭਾ: ਸਾਧੂ ਸਿੰਘ (4) ਭਾ: ਸੁਹੇਲ ਸਿੰਘ (5) ਭਾ: ਸੁਲਤਾਨ ਸਿੰਘ (6) ਭਾ: ਸੋਭਾ ਸਿੰਘ (7) ਭਾ: ਸੰਤ ਸਿੰਘ (8) ਭਾ: ਹਰਸਾ ਸਿੰਘ (9) ਭਾ: ਹਰੀ ਸਿੰਘ (10) ਭਾ: ਕਰਨ ਸਿੰਘ (11) ਭਾ: ਕਰਮ ਸਿੰਘ (12) ਭਾ: ਕਾਲਾ ਸਿੰਘ (13) ਭਾ : ਕੀਰਤ ਸਿੰਘ (14) ਭਾ: ਕਿਰਪਾਲ ਸਿੰਘ (15) ਭਾ: ਖੁਸ਼ਹਾਲ ਸਿੰਘ (16) ਭਾ: ਗੁਲਾਬ ਸਿੰਘ (17) ਭਾ: ਗੰਗਾ ਸਿੰਘ (18) ਭਾ: ਗੰਡਾ ਸਿੰਘ (19) ਭਾ: ਘਰਬਾਰਾ ਸਿੰਘ (20) ਭਾ: ਚੰਬਾ ਸਿੰਘ (21) ਭਾ: ਜਾਦੋ ਸਿੰਘ (22) ਭਾ: ਜੋਗਾ ਸਿੰਘ (23) ਭਾ: ਜੰਗ ਸਿੰਘ (24) ਭਾ: ਦਯਾਲ ਸਿੰਘ (25) ਭਾ: ਦਿਲਬਾਗ ਸਿੰਘ (26) ਭਾ: ਦਰਬਾਰਾ ਸਿੰਘ (27) ਭਾ: ਧਰਮ ਸਿੰਘ (28) ਭਾ: ਧੰਨਾ ਸਿੰਘ (29) ਭਾ: ਨਿਹਾਲ ਸਿੰਘ (30) ਭਾ: ਨਿਧਾਨ ਸਿੰਘ (31) ਭਾ: ਬੂੜ ਸਿੰਘ (32) ਭਾ: ਭਾਗ ਸਿੰਘ (33) ਭਾ: ਭੋਲਾ ਸਿੰਘ (34) ਭਾ: ਭੰਗਾ ਸਿੰਘ (35) ਭਾ: ਮਹਾਂ ਸਿੰਘ ਜੱਥੇਦਾਰ (36) ਭਾ: ਮੱਜਾ ਸਿੰਘ (37) ਭਾ: ਮਾਨ ਸਿੰਘ (38) ਭਾ: ਮੈਯਾ ਸਿੰਘ (39) ਭਾ: ਰਾਇ ਸਿੰਘ (40) ਭਾ: ਲਛਮਣ ਸਿੰਘ ਜੀ ਅਤੇ ਧੰਨ ਧੰਨ ਮਾਤਾ ਭਾਗ ਕੌਰ ਜੀ ਦੀ ਅਗਵਾਈ ਹੇਠ ਕੀਤੀ ਕੁਰਬਾਨੀ ਦੀ ਯਾਦ ਵਿੱਚ ਬਾਹਰੋ ਆ ਰਹੇ ਜਿਸ ਵਿੱਚ ਸੱਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜੱਥੇ ਅਤੇ ਹਜੂਰੀ ਰਾਗੀ ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਪੁੱਜ ਕੇ ਅਖੰਡ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ । ਅਖੰਡ ਕੀਰਤਨੀ ਜੱਥਿਆਂ ਵੱਲੋਂ ਮਿਤੀ 13-05-2023 ਸ੍ਰੀ ਗੁਰਦੁਆਰਾ ਤੰਬੂ ਸਾਹਿਬ ਵਿਖੇ ਸ਼ਾਮ ਦੇ 8 ਵਜੇ ਤੋਂ ਮਿਤੀ 14-05-2023 ਸਵੇਰ ਤੱਕ ਅਖੰਡ ਕੀਰਤਨ ਸਮਾਗਮ ਸਮਾਪਤ ਹੋਣਗੇ । ਦੋਇ ਕਰ ਜੋੜ ਬੇਨਤੀ ਹੈ ਕਿ ਸਮਾਗਮ ਦੀਆਂ ਹਾਜ਼ਰੀਆਂ ਭਰਕੇ ਆਪਣਾ ਜਨਮ ਸਫਲਾ ਕਰੋ ਜੀ ।

### ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

**ਸਹਿਯੋਗੀ ਧਾਰਮਿਕ ਸੰਸਥਾਵਾਂ :- ਸਮੂਹ ਸ੍ਰੀ ਸੁਖਮਨੀ ਸਾਹਿਬ ਸੁਸਾਇਟੀਆਂ, ਜੱਥਾ ਬਾਬਾ ਬਿਧੀ ਚੰਦ ਜੀ ਛਾਉਣੀ**

ਜੱਥੇਬੰਦੀ ਨਿਹੰਗ ਸਿੰਘ ਗੁਰਦੁਆਰਾ ਸ੍ਰੀ ਖੂਹ ਸਾਹਿਬ, ਸ੍ਰੀ ਮੁਕਤਸਰ ਸਾਹਿਬ ਸਿੱਖ ਵਿਰਸਾ ਸੰਭਾਲ ਸੰਸਥਾ ਸ੍ਰੀ ਮੁਕਤਸਰ ਸਾਹਿਬ ਭਾਈ ਨਿਧਾਨ ਸਿੰਘ ਜੀ ਮੋ: 94171-76032 ਮੋਗੇ ਵਾਲੇ

ਪੁੱਛ ਗਿੱਛ :- ਭਾਈ ਮਹਿੰਦਰ ਸਿੰਘ, ਮੁੱਖ ਸੇਵਾਦਾਰ ਮਾਲਵਾ ਜੋਨ, ਰੀਟਾ: ਜ਼ਿਲਾ ਸਪੋਰਟਸ ਅਫਸਰ (ਐਨ.ਐਫ.ਸੀ.)
ਗਲੀ ਨੰ: 22, ਗੋਨਿਆਣਾ ਰੋਡ, ਸ੍ਰੀ ਮੁਕਤਸਰ ਸਾਹਿਬ ਫੋਨ : 94636-47265
ਰਜਿੰਦਰ ਸਿੰਘ ਰਾਣਾ ਮੋ: 98552-23498
ਭਾਈ ਹਰਚਰਨ ਸਿੰਘ ਅਸੈਸਟੈਂਟ Admin BRO ਸ੍ਰੀ ਮੁਕਤਸਰ ਸਾਹਿਬ 94649-56675
ਹੈੱਡ ਗ੍ਰੰਥੀ ਸਿੰਘ ਸਾਹਿਬ ਭਾਈ ਬਲਵਿੰਦਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਟੁੱਟੀ ਗੰਢੀ ਸਾਹਿਬ

ਸੰਗਤਾਂ ਦਾ ਦਾਸ :- ਇੰਟਰਨੈਸ਼ਨਲ ਅਖੰਡ ਕੀਰਤਨੀ ਜੱਥਾ ਸ੍ਰੀ ਮੁਕਤਸਰ ਸਾਹਿਬ

ਦਾਸ : ਮੈਨੇਜਰ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ



ਸ਼ਹੀਦ ਭਾਈ ਫੌਜਾ ਸਿੰਘ ਜੀ ਦੀ ਅਗਵਾਈ ਹੇਠ 13 ਅਪ੍ਰੈਲ 1978 ਨੂੰ ਸ਼ਬਦ ਗੁਰੂ ਤੋਂ ਵਾਰਨੇ-ਬਲਿਹਾਰਨੇ ਹੋ, ਸ਼ਹਾਦਤ ਦਾ ਜ਼ਾਮ ਪੀਣ ਵਾਲੇ
13 ਸ਼ਹੀਦ ਸਿੰਘਾਂ ਦੀ ਸ਼ਹਾਦਤ ਅਤੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਅਖੰਡ ਕੀਰਤਨੀ ਜੱਥੇ ਵਲੋਂ
ਵੈਸਾਖੀ ਅਖੰਡ ਕੀਰਤਨ ਸਮਾਗਮ
ਸ੍ਰੀ ਅੰਮ੍ਰਿਤਸਰ ਵਿਖੇ 10 ਅਪ੍ਰੈਲ ਸ਼ਾਮ ਤੋਂ 15 ਅਪ੍ਰੈਲ 2023 ਸਵੇਰ ਤੱਕ
ਰੰਗੁਲੇ ਸੱਜਣ ਟਰੱਸਟ
ਚੌਕ ਬਾਬਾ ਸਾਹਿਬ
10 ਅਪ੍ਰੈਲ ਸ਼ਾਮ 5.15 ਤੋਂ ਰਾਤ 8.40 ਗੁ: ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ
11 ਅਪ੍ਰੈਲ ਸਵੇਰੇ 7.00 ਤੋਂ 1.00 ਗੁ: ਅੰਗੀਠਾ ਸਾਹਿਬ
11 ਅਪ੍ਰੈਲ ਸ਼ਾਮ 5.00 ਤੋਂ 9.00 ਗੁ: ਪਿੱਪਲੀ ਸਾਹਿਬ
12 ਅਪ੍ਰੈਲ ਸਵੇਰੇ 7.00 ਤੋਂ 1.00 ਗੁ: ਗੁਰੂ ਕੇ ਮਹਿਲ
12 ਅਪ੍ਰੈਲ ਸ਼ਾਮ 5.00 ਤੋਂ 9.00 ਸ੍ਰੀ ਅਕਾਲ ਤਖ਼ਤ ਸਾਹਿਬ
13 ਅਪ੍ਰੈਲ ਸਵੇਰੇ 6.00 ਤੋਂ 1.00
13 ਅਪ੍ਰੈਲ ਸ਼ਾਮ 5.00 ਤੋਂ 10.00 ਗੁ: ਰਾਮਸਰ ਸਾਹਿਬ
14 ਅਪ੍ਰੈਲ ਸਵੇਰੇ 6.00 ਤੋਂ 2.00 ਗੁ: ਬਿਬੇਕਸਰ ਸਾਹਿਬ
ਅੰਮ੍ਰਿਤ ਸੰਚਾਰ
14 ਅਪ੍ਰੈਲ
ਸ਼ਾਮ 6.00 ਵਜੇ
ਭਾਈ ਸੇਵਾ ਸਿੰਘ ਹਾਲ
ਦਾਸਰੇ : ਅਖੰਡ ਕੀਰਤਨੀ ਜੱਥਾ, ਅੰਮ੍ਰਿਤਸਰ
# 98152 70871, 98559 47251, 78870 90003, 79869 79969, 93166 10166
ਰਿਹਾਇਸ਼ ਸੇਵਾ : 98148 98811, 94173 08093, 93572 44080 ਟਰਾਂਸਪੋਰਟ ਸੇਵਾ : 80540 14114, 84370 13291
ਸਹਿਯੋਗ : ਮੈਨੇਜਰ ਸ੍ਰੀ ਦਰਬਾਰ ਸਾਹਿਬ, ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਰੈਣਿ ਸਬਾਈ ਕੀਰਤਨ
14 ਅਪ੍ਰੈਲ ਸ਼ਾਮ 7.00 ਤੋਂ
15 ਅਪ੍ਰੈਲ ਸਵੇਰੇ 4.00 ਤੱਕ
ਗੁ: ਮੰਜੀ ਸਾਹਿਬ, ਦੀਵਾਨ ਹਾਲ




ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥
ਅਖੰਡ ਕੀਰਤਨੀ ਜੱਥਾ ਬਾਬਾ ਬਕਾਲਾ
ਸਾਚਾ ਗੁਰੂ ਲਾਧੋ ਰੇ ਦਿਵਸ ਨੂੰ ਸਮਰਪਿਤ
ਗੁਰਦੁਆਰਾ ਭੋਰਾ ਸਾਹਿਬ
ਬਾਬਾ ਬਕਾਲਾ ਸਾਹਿਬ
ਸਲਾਨਾ ਦਿਵਸ ਸੁਹੇਲਾ, ਰੈਣ ਸਬਾਈ ਕੀਰਤਨ
ਅਤੇ ਅੰਮ੍ਰਿਤ ਸੰਚਾਰ
30 ਮਾਰਚ ਵੀਰਵਾਰ ਅੰਮ੍ਰਿਤ ਵੇਲੇ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ
1 ਅਪ੍ਰੈਲ ਸ਼ਨੀਵਾਰ ਅੰਮ੍ਰਿਤ ਵੇਲੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ ਉਪਰੰਤ
1 ਅਪ੍ਰੈਲ ਸਵੇਰੇ ਦਿਵਸ ਸੁਹੇਲਾ ਕੀਰਤਨ ਗੁਰਦੁਆਰਾ ਭੋਰਾ ਸਾਹਿਬ ਦਰਬਾਰ ਸਾਹਿਬ ਅੰਦਰ
1 ਅਪ੍ਰੈਲ ਨੂੰ ਰੈਣ ਸਬਾਈ ਕੀਰਤਨ ਦੀਵਾਲ ਹਾਲ ਵਿੱਖੇ ਸ਼ਾਮ 7 ਵਜੇ ਅਰੰਭ ਹੋਣਗੇ ਜੀ।
ਜਿਸ ਦੀ ਸਮਾਪਤੀ 2 ਅਪ੍ਰੈਲ ਐਤਵਾਰ ਸਵੇਰੇ 4 ਵਜੇ ਹੋਵੇਗੀ ਜੀ ।
ਪਰਿਵਾਰ ਅਤੇ ਸੰਗੀ ਸਾਥੀਆਂ ਸਹਿਤ ਆਏ ਦੀਦਾਰ ਬਖਸ਼ੋ ਜੀ
ਦਾਸਰੇ: ਅਖੰਡ ਕੀਰਤਨੀ ਜੱਥਾ ਬਾਬਾ ਬਕਾਲਾ ਸਾਹਿਬ
ਸੰਪਰਕ: 97796-30977, 93162-22531, 98773-83433, 95047-80002, 89682-97779
LIVE ON
ਸਮਾਗਮ ਦਾ ਸਿੱਧਾ ਪ੍ਰਸਾਰਣ
KIRTAN LAHAA

## ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥



















ਹੋਲੇ ਮਹੱਲੇ ਤੇ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 05.03.2023 ਤੋਂ ਲੈ ਕੇ 08.03.2023 ਸਵੇਰ ਤਕ ਅਖੰਡ ਕੀਰਤਨੀ ਜੱਥਾ, ਸ੍ਰੀ ਅਨੰਦਪੁਰ ਸਾਹਿਬ ਵੱਲੋਂ ਗੁਰਦੁਆਰਾ ਕਲਗੀਧਰ ਕੀਰਤਨ ਦਰਬਾਰ, ਕਿਲਾ ਲੋਹਗੜ ਸਾਹਿਬ ਰੋਡ, ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ, ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

## ਢਾਡੀ ਗੁਣ ਗਾਵੈ ਨਿਤੁ ਜਨਮ ਸਵਾਰਿਆ ॥








ਹੋਲੇ ਮਹੱਲੇ ਤੇ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 05.03.2023 ਤੋਂ ਲੈ ਕੇ 08.03.2023 ਸਵੇਰ ਤਕ ਅਖੰਡ ਕੀਰਤਨੀ ਜੱਥਾ, ਸ੍ਰੀ ਅਨੰਦਪੁਰ ਸਾਹਿਬ ਵੱਲੋਂ ਗੁਰਦੁਆਰਾ ਕਲਗੀਧਰ ਕੀਰਤਨ ਦਰਬਾਰ, ਕਿਲਾ ਲੋਹਗੜ ਸਾਹਿਬ ਰੋੜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਗਿਆ। 05.03.2023 ਨੂੰ ਅਖੰਡ ਕੀਰਤਨੀ ਜੱਥੇ ਵੱਲੋਂ ਤੱਖਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਵਿਖੇ ਸ਼ਾਮ 8 ਵਜੇ ਤੋਂ ਲੈ ਕੇ ਰਾਤ 12 ਵਜੇ ਤਕ ਹਾਜਰੀ ਭਰੀ ਗਈ ਤੇ ਇਸ ਅਵਸਰ ਤੇ ਕੀਰਤਨੀ ਸਿੰਘ ਤੱਖਤ ਸਾਹਿਬ ਤੇ ਕੀਰਤਨ ਦੀ ਹਾਜਰੀ ਭਰਦੇ ਹੋਏ।

Registered with the Registrar
of News Papers of India
Regd. No. R-70727/99

ATAM RANG
APRIL 2023

Postal Regd. No.
CHDG/0025/2021-23

## ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥


















ਹੋਲੇ ਮਹੱਲੇ ਤੇ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 05.03.2023 ਤੋਂ ਲੈ ਕੇ 08.03.2023 ਸਵੇਰ ਤਕ ਅਖੰਡ ਕੀਰਤਨੀ ਜੱਥਾ, ਸ੍ਰੀ ਅਨੰਦਪੁਰ ਸਾਹਿਬ ਵੱਲੋਂ ਗੁਰਦੁਆਰਾ ਕਲਗੀਧਰ ਕੀਰਤਨ ਦਰਬਾਰ, ਕਿਲਾ ਲੋਹਗੜ ਸਾਹਿਬ ਰੋੜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ, ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।